ਸ਼ਨੀਵਾਰ, 7 ਨਵੰਬਰ, 2026

22 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 158

ਰੋਜ਼ਾਨਾ

ਨਵਾਂ ਜ਼ਮਾਨਾ

DAILY NAWAN ZAMANA • SATURDAY, 7 NOVEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 16

ਪ੍ਰਦੂਸ਼ਣ ਲਈ ਬਹੁਤੀਆਂ ਦਿੱਲੀ ਦੀਆਂ ਗੱਡੀਆਂ ਜ਼ਿੰਮੇਵਾਰ : ਸੁਪਰੀਮ ਕੋਰਟ

ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦਿੱਲੀ-ਐਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਲਈ ਵਾਹਨਾਂ ਦੇ ਨਿਕਾਸ ਨੂੰ ਇੱਕ ਵੱਡੇ ਸਰੋਤ ਵਜੋਂ ਦਰਸਾਇਆ ਅਤੇ ਵਿਗੜਦੀ ਹਵਾ ਗੁਣਵੱਤਾ ਨਾਲ ਨਜਿੱਠਣ ਲਈ ਤੁਰੰਤ, ਮੱਧਮ ਅਤੇ ਲੰਬੇ ਸਮੇਂ ਦੇ ਉਪਾਵਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸ਼ਹਿਰ ਦਾ ਹਵਾ ਗੁਣਵਤਾ ਸੂਚਕ ਅੰਕ (ਏ ਕਿਊ ਆਈ) ਗੰਭੀਰ ਸ਼੍ਰੇਣੀ ਦੇ ਨੇੜੇ ਪਹੁੰਚ ਗਿਆ ਹੈ। ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਿਲਿਆ ਬਾਗਚੀ ਤੇ ਵੀ ਮੋਹਨਾ ਦੀ ਸ਼ਮੂਲੀਅਤ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਰਾਸ਼ਟਰੀ ਰਾਜਧਾਨੀ ਅਤੇ ਇਸ ਦੇ ਨੇੜਲੇ ਖੇਤਰਾਂ ਵਿੱਚ ਸੜਕਾਂ 'ਤੇ ਬੇਸ਼ੁਮਾਰ ਟਰੈਫਿਕ 'ਤੇ ਚਿੰਤਾ ਪ੍ਰਗਟ ਕੀਤੀ, ਇਹ ਦੇਖਿਆ ਕਿ ਦਿੱਲੀ ਅਤੇ ਐਨ ਸੀ ਆਰ ਵਿਚਕਾਰ ਚੱਲਣ ਵਾਲੇ ਵਾਹਨਾਂ ਦੀ ਵੱਡੀ ਗਿਣਤੀ ਪ੍ਰਦੂਸ਼ਣ ਦਾ ਇੱਕ ਵੱਡਾ ਸਰੋਤ ਹੈ। 'ਅਸੀਂ ਗੱਲ ਕਰਦੇ ਰਹਿੰਦੇ ਹਾਂ, ਕਈ ਵਾਰ ਬਿਆਨ ਅਤੇ ਸੁਝਾਅ ਦਿੰਦੇ ਹਾਂ, ਪਰ ਗੱਲ ਇਹ ਹੈ ਕਿ ਏ ਕਿਊ ਆਈ ਪਹਿਲਾਂ ਹੀ 400 ਨੂੰ ਛੂਹ ਰਿਹਾ ਹੈ।," ਸੀ ਜੇ ਆਈ ਨੇ ਹਵਾ ਪ੍ਰਦੂਸ਼ਣ ਨੂੰ ਨਿਯੰਤ੍ਰਿਤ ਕਰਨ ਵਾਲੇ ਰੈਗੂਲੇਟਰੀ ਢਾਂਚੇ ਦੀ ਜਾਂਚ ਕਰਨ ਵਾਲੇ ਇੱਕ ਸੂਓ ਮੋਟੂ ਕੇਸ ਦੀ ਸੁਣਵਾਈ ਦੌਰਾਨ ਕਿਹਾ। ਬੈਂਚ ਨੇ ਕਿਹਾ ਕਿ ਕੋਈ ਵੀ ਪਾਬੰਦੀ ਕੰਮ ਨਹੀਂ ਕਰੇਗੀ। ਜਿੰਨੇ ਜ਼ਿਆਦਾ ਆਦੇਸ਼ ਅਸੀਂ ਪਾਸ ਕਰਾਂਗੇ, ਓਨੀਆਂ ਹੀ ਉਲੰਘਣਾਵਾਂ ਵਧਦੀਆਂ ਜਾਣਗੀਆਂ। ਸੀ ਜੇ ਆਈ ਨੇ ਪੁੱਛਿਆ ਕਿ ਦੇਸ਼ ਆਪਣੇ ਮੂਲ ਰੀਤੀ-ਰਿਵਾਜਾਂ ਵੱਲ ਕਿਉਂ ਨਹੀਂ ਪਰਤ ਸਕਦਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੀਵਾਲੀ ਦਾ ਮਤਲਬ ਰੌਸ਼ਨੀਆਂ ਦਾ ਤਿਉਹਾਰ ਹੋਣਾ ਚਾਹੀਦਾ ਹੈ, ਧੂੰਏਂ ਦਾ ਤਿਉਹਾਰ ਨਹੀਂ। ਬੈਂਚ ਨੇ ਕਿਹਾ ਕਿ ਉਹ ਕੁਝ ਆਦੇਸ਼ ਪਾਸ ਕਰੇਗਾ ਅਤੇ ਦੀਵਾਲੀ ਦੀਆਂ ਛੁੱਟੀਆਂ ਤੋਂ ਬਾਅਦ ਅਦਾਲਤ ਦੇ ਦੁਬਾਰਾ ਖੁੱਲ੍ਹਣ ਤੋਂ ਬਾਅਦ 16 ਨਵੰਬਰ ਨੂੰ ਮਾਮਲੇ ਦੀ ਅਗਲੀ ਸੁਣਵਾਈ ਕਰੇਗਾ।

ਅੰਮ੍ਰਿਤਸਰ ਆ ਰਹੀ ਰੇਲ ਗੱਡੀ ਦੇ 3 ਡੱਬਿਆਂ ਨੂੰ ਲੱਗੀ ਅੱਗ



ਰਾਜਪੁਰਾ (ਨ ਜ਼ ਸ)-ਰਾਜਪੁਰਾ-ਸਰਹਿੰਦ ਰੇਲਵੇ ਸੈਕਸ਼ਨ 'ਤੇ ਪਿੰਡ ਸਰਾਏ ਬੰਜਾਰਾ ਨੇੜੇ ਸ਼ੁੱਕਰਵਾਰ ਨੂੰ ਉਸ ਸਮੇਂ ਅਫ਼ਰਾ-ਤਫ਼ਰੀ ਮਚ ਗਈ ਜਦੋਂ ਸਵਾਰੀਆਂ ਨਾਲ ਭਰੀ ਯਾਤਰੀ ਰੇਲ ਗੱਡੀ ਕਰਮਭੂਮੀ ਐਕਸਪ੍ਰੈੱਸ ਜਿਸ ਦਾ ਨੰਬਰ 12507 ਹੈ, ਦੇ 3 ਡੱਬਿਆਂ ਨੂੰ ਅਚਾਨਕ ਅੱਗ ਲੱਗ ਗਈ। ਰੇਲਵੇ ਸਟਾਫ਼ ਦੀ ਸਮੇਂ ਸਿਰ ਦਿਖਾਈ ਗਈ ਮੁਸਤੈਦੀ ਅਤੇ ਸੂਝ-ਬੂਝ ਕਾਰਨ ਸਾਰੀਆਂ ਸਵਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

ਡੀ ਐੱਸ ਪੀ ਰਾਜਪੁਰਾ ਮਨਜੀਤ ਸਿੰਘ, ਐੱਸ ਐੱਚ ਓ ਸਦਰ ਕਿਰਪਾਲ ਸਿੰਘ ਮੋਹੀ ਅਤੇ ਪੁਲਸ ਦੀਆਂ ਹੋਰ ਟੀਮਾਂ ਮੌਕੇ 'ਤੇ ਪਹੁੰਚੀਆਂ ਤੇ ਰਾਹਤ ਕਾਰਜਾਂ 'ਚ ਹਿੱਸਾ ਲਿਆ।

ਇਹ ਰੇਲ ਗੱਡੀ ਨਿਊ ਜਲਪਾਈਗੁੜੀ (ਪੱਛਮੀ ਬੰਗਾਲ) ਤੋਂ ਅੰਮ੍ਰਿਤਸਰ ਸਾਹਿਬ ਵੱਲ ਜਾ ਰਹੀ ਸੀ। ਇਸ ਦਾ ਅੰਬਾਲਾ ਵਿਖੇ ਸਟਾਪੇਜ ਹੈ, ਜਦੋਂ ਕਿ ਰਾਜਪੁਰਾ ਵਿਖੇ ਇਸ ਦਾ ਕੋਈ ਠਹਿਰਾਅ ਨਹੀਂ ਹੈ।

ਹਰਮੀਤ ਕੌਰ ਢਿੱਲੋਂ ਨੇ ਟਰੰਪ ਪ੍ਰਸ਼ਾਸਨ ਤੋਂ ਦਿੱਤਾ ਅਸਤੀਫ਼ਾ

ਵਾਸ਼ਿੰਗਟਨ : ਭਾਰਤੀ ਮੂਲ ਦੀ ਵਕੀਲ ਹਰਮੀਤ ਕੌਰ ਢਿੱਲੋਂ ਨੇ ਅਮਰੀਕੀ ਨਿਆਂ ਵਿਭਾਗ ਦੇ ਨਾਗਰਿਕ ਅਧਿਕਾਰ ਵਿਭਾਗ ਦੇ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮੱਧਕਾਲੀ ਚੋਣਾਂ ਵਿੱਚ ਰਿਪਬਲਿਕਨਾਂ ਦੀ ਵੱਡੀ ਹਾਰ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੀ ਪਹਿਲੀ ਸੀਨੀਅਰ ਅਧਿਕਾਰੀ ਵੱਲੋਂ ਅਸਤੀਫ਼ਾ ਦਿੱਤਾ ਗਿਆ ਹੈ। ਅਮਰੀਕੀ ਅਟਾਰਨੀ ਜਨਰਲ ਟੌਡ ਬਲਾਂਚੇ ਨੇ ਢਿੱਲੋਂ ਦੇ ਜਾਣ ਦਾ ਐਲਾਨ ਕੀਤਾ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਉਨ੍ਹਾਂ ਦੇ ਕੰਮ ਅਤੇ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਬਲਾਂਚੇ ਨੇ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ, "ਉਨ੍ਹਾਂ ਨੇ ਹਰ ਅਮਰੀਕੀ ਦੀਆਂ ਨਾਗਰਿਕ ਆਜ਼ਾਦੀਆਂ ਦਾ ਬਚਾਅ ਕੀਤਾ ਹੈ ਅਤੇ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਕਾਨੂੰਨ ਨੂੰ ਲਾਗੂ ਕੀਤਾ ਹੈ।" ਉਨ੍ਹਾ ਅੱਗੇ ਕਿਹਾ ਕਿ ਵਿਭਾਗ ਉਨ੍ਹਾਂ ਦੀ ਜਨਤਕ ਸੇਵਾ ਲਈ ਧੰਨਵਾਦੀ ਹੈ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਵਿੱਚ ਸਫ਼ਲਤਾ ਦੀ ਕਾਮਨਾ ਕਰਦਾ ਹੈ।



ਮਿਸ਼ੀਗਨ 'ਚ ਸਪੀਕਰ ਬਣੇ ਰਣਜੀਵ ਪੁਰੀ

ਵਾਸ਼ਿੰਗਟਨ : ਡੈਮੋਕ੍ਰੇਟ ਰਣਜੀਵ ਪੁਰੀ ਮਿਸ਼ੀਗਨ ਹਾਊਸ ਦੇ ਸਪੀਕਰ ਚੁਣੇ ਗਏ ਹਨ, ਜੋ ਇਸ ਵੱਕਾਰੀ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੇ ਪਹਿਲੇ ਭਾਰਤੀ-ਅਮਰੀਕੀ ਹਨ। ਪੁਰੀ ਨੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਅੱਜ ਮੈਂ ਆਪਣੇ ਸਾਥੀਆਂ ਦੁਆਰਾ ਮਿਸ਼ੀਗਨ ਹਾਊਸ ਦੇ ਸਪੀਕਰ ਵਜੋਂ ਚੁਣੇ ਜਾਣ 'ਤੇ ਨਿਮਰ ਮਹਿਸੂਸ ਕਰ ਰਿਹਾ ਹਾਂ। ਪੁਰੀ ਨੇ ਕਿਹਾ ਕਿ ਉਹ ਚੋਣਾਂ ਦੀ ਤਿਆਰੀ ਦੌਰਾਨ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਸੈਨੇਟ ਦੇ ਬਹੁਮਤ ਨੇਤਾ-ਚੁਣੇ ਗਏ ਡਾਰਿਨ ਕੈਮੀਲੇਰੀ ਅਤੇ ਗਵਰਨਰ-ਚੁਣੇ ਗਏ ਜੋਸਲਿਨ ਬੈਂਸਨ ਨਾਲ ਮਿਲ ਕੇ ਕੰਮ ਕਰਨ ਲਈ ਉਤਸੁਕ ਹਨ।


ਲੇਬਰ ਕੋਡ ਲਾਗੂ ਕਰਨ ਵਿਰੁੱਧ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜਨ ਦਾ ਸੱਦਾ



ਚੰਡੀਗੜ੍ਹ : ਪੰਜਾਬ ਏਟਕ ਦੇ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ ਅਤੇ ਜਨਰਲ ਸਕੱਤਰ ਅਮਰਜੀਤ ਸਿੰਘ ਅਸਲ ਨੇ ਕੇਂਦਰ ਦੀ ਮੋਦੀ ਸਰਕਾਰ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਭਗਵੰਤ ਮਾਨ ਸਰਕਾਰ ਵੱਲੋਂ ਮਜ਼ਦੂਰ-ਵਿਰੋਧੀ ਲੇਬਰ ਕੋਡ ਪੰਜਾਬ ਵਿੱਚ ਲਾਗੂ ਕਰਨ ਲਈ ਰੂਲ ਬਣਾ ਕੇ ਲਾਗੂ ਕਰਨ ਦਾ ਤਿੰਨ ਨਵੰਬਰ ਨੂੰ ਗਜ਼ਟ ਨੋਟੀਫਿਕੇਸ਼ਨ ਜਾਰੀ ਕਰਕੇ ਜੋ ਪੰਜਾਬ ਦੇ ਮਜ਼ਦੂਰਾਂ-ਵਿਰੋਧੀ ਆਪਣਾ ਕਿਰਦਾਰ ਨੰਗਾ ਕੀਤਾ ਹੈ, ਉਸਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਦੇ ਸਾਰੇ ਜਿਲ੍ਹਿਆਂ ਦੇ ਸਮੁੱਚੇ ਮੁਲਾਜ਼ਮਾਂ-ਮਜ਼ਦੂਰਾਂ ਨੂੰ ਸੱਦਾ ਦਿੱਤਾ ਹੈ ਕਿ 16 ਨਵੰਬਰ ਤੋਂ 19 ਨਵੰਬਰ ਤੱਕ ਹਰ ਇੱਕ ਜਥੇਬੰਦੀ ਲਾਜ਼ਮੀ ਤੌਰ 'ਤੇ ਕਿਸੇ ਇਕ ਦਿਨ ਗਜ਼ਟ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜਨ ਅਤੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਮਜ਼ਦੂਰਾਂ ਦੇ ਵਿਰੋਧ ਵਿੱਚ ਲਗਾਤਾਰ ਚੁੱਕੇ ਜਾ ਰਹੇ ਅੱਤ ਦੇ ਨਿਖੇਧੀਯੋਗ ਕਦਮਾਂ ਦਾ ਹੀਜ-ਪਿਆਜ ਰੈਲੀਆਂ ਅਤੇ ਮੁਜ਼ਾਹਰਿਆਂ ਵਿੱਚ ਨੰਗਾ ਕਰਨ ਕਿਉਂਕਿ ਇਸ ਤੋਂ ਪਹਿਲਾਂ ਇਹ ਸਰਕਾਰ ਲਗਾਤਾਰ ਕੰਟਰੈਕਟ ਅਤੇ ਆਊਟ-ਸੋਰਸ ਵਰਕਰਾਂ ਨੂੰ ਪੱਕੇ ਕਰਨ ਦੇ ਵਾਅਦੇ ਤੋਂ ਭੱਜ ਚੁੱਕੀ ਹੈ। ਉਸ ਤੋਂ ਬਾਅਦ ਇਸ ਵੱਲੋਂ ਪੰਜਾਬ ਦੇ 7 ਲੱਖ ਮੌਜੂਦਾ ਅਤੇ ਸੇਵਾ-ਮੁਕਤ ਕਰਮਚਾਰੀਆਂ ਨੂੰ ਡੀ ਏ ਅਤੇ ਪੇ-ਕਮਿਸ਼ਨ ਦੇ ਬਕਾਏ ਨਾ ਦੇਣ ਦੀ ਲੜਾਈ ਮੁਲਾਜ਼ਮਾਂ ਦੇ ਵਿਰੁੱਧ ਅਦਾਲਤਾਂ ਵਿੱਚ ਦੁਸ਼ਮਣਾਂ ਵਾਂਗ ਮਹਿੰਗੇ ਵਕੀਲ ਕਰਕੇ ਲੜੀ ਜਾ ਰਹੀ ਹੈ। ਸਰਕਾਰ ਦਾ ਜ਼ੋਰ ਇਹ ਜ਼ਿੱਦ ਪੁਗਾਉਣ 'ਤੇ ਲੱਗਿਆ ਹੋਇਆ ਹੈ ਕਿ ਉਸਨੇ ਮੁਲਾਜ਼ਮਾਂ ਦੇ ਕਾਨੂੰਨੀ ਤੌਰ 'ਤੇ ਮਿਲਣ ਯੋਗ ਹੱਕ ਵੀ ਨਹੀਂ ਦੇਣੇ।

ਏਟਕ ਆਗੂਆਂ ਵੱਲੋਂ ਏਟਕ ਨਾਲ ਸੰਬੰਧਤ ਸਭ ਜਥੇਬੰਦੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਗਈ ਹੈ ਕਿ ਇਨ੍ਹਾਂ ਐਕਸ਼ਨਾਂ ਵਿੱਚ ਹੋਰ ਜਥੇਬੰਦੀਆਂ ਨੂੰ ਵੀ ਨਾਲ ਲੈ ਕੇ ਤਾਲਮੇਲ ਕਰਕੇ ਵੱਧ ਤੋਂ ਵੱਧ ਮੁਲਾਜ਼ਮ-ਮਜ਼ਦੂਰ ਰੈਲੀਆਂ, ਧਰਨਿਆਂ ਵਿੱਚ ਸ਼ਾਮਿਲ ਹੋ ਕੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਜਾਣ ਅਤੇ ਜ਼ੋਰਦਾਰ ਮੁਜ਼ਾਹਰੇ ਕੀਤੇ ਜਾਣ।

ਝੋਟੇ ਦੇ ਪਿਤਾ ਭੀਮ ਸਿੰਘ ਨੇ ਮੁਆਵਜ਼ਾ ਜਾਂ ਨੌਕਰੀ ਲੈਣ ਤੋਂ ਕੀਤਾ ਇਨਕਾਰ



ਮਾਨਸਾ (ਨ ਜ਼ ਸ)-ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਸਰਕਾਰ ਕੋਲੋਂ ਮੁਆਵਜ਼ਾ ਜਾਂ ਸਰਕਾਰੀ ਨੌਕਰੀ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਤੋਂ ਨਾ ਤਾਂ ਕਿਸੇ ਤਰ੍ਹਾਂ ਦਾ ਮੁਆਵਜ਼ਾ ਚਾਹੀਦਾ ਹੈ ਅਤੇ ਨਾ ਹੀ ਪਰਵਾਰ ਦੇ ਕਿਸੇ ਮੈਂਬਰ ਲਈ ਨੌਕਰੀ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਸੰਘਰਸ਼ ਨਸ਼ੇ ਦੇ ਖ਼ਿਲਾਫ਼ ਹੈ ਅਤੇ ਉਹ ਇਸ ਨੂੰ ਜਾਰੀ ਰੱਖਣਗੇ। ਪਰਵਿੰਦਰ ਸਿੰਘ ਝੋਟਾ ਦੇ ਪੋਸਟਮਾਰਟਮ ਲਈ ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਪਹੁੰਚਣ ਤੋਂ ਬਾਅਦ ਉਨ੍ਹਾਂ ਦੇ ਪਿਤਾ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਮਾਨਸਾ ਦੇ ਐੱਸ ਐੱਸ ਪੀ ਦੇ ਤਬਾਦਲੇ ਦੀ ਮੰਗ ਚੁੱਕੀ ਹੈ। ਝੋਟਾ ਦੇ ਪਿਤਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਮੈਂ ਹੁਣ ਤੋਂ ਅੰਨ ਦਾ ਇੱਕ ਦਾਣਾ ਵੀ ਨਹੀਂ ਖਾਵਾਂਗਾ ਅਤੇ ਨਸ਼ੇ ਦੇ ਖ਼ਿਲਾਫ਼ ਆਪਣੀ ਲੜਾਈ ਜਾਰੀ ਰੱਖਾਂਗਾ। ਜੇਕਰ ਇਸ ਲੜਾਈ ਵਿੱਚ ਮੇਰੀ ਜਾਨ ਵੀ ਚਲੀ ਜਾਂਦੀ ਹੈ ਤਾਂ ਮੈਨੂੰ ਇਸ ਦਾ ਕੋਈ ਗਮ ਨਹੀਂ ਹੋਵੇਗਾ। ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਕਿਸੇ ਦੇ ਪੈਸੇ ਦੀ ਲੋੜ ਨਹੀਂ ਹੈ। ਸਰਕਾਰ ਵੱਲੋਂ ਜੋ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ, ਉਸ ਦੀ ਵੀ ਉਨ੍ਹਾਂ ਨੂੰ ਲੋੜ ਨਹੀਂ ਹੈ। ਉਨ੍ਹਾ ਕਿਹਾ ਕਿ ਸਾਡਾ ਪੁੱਤ ਤਾਂ ਦੁਨੀਆ ਤੋਂ ਚਲਾ ਗਿਆ, ਹੁਣ ਅਸੀਂ ਇਸ ਸੁਰੱਖਿਆ ਦਾ ਕੀ ਕਰਾਂਗੇ?

ਸਾਜ਼ਿਸ਼ ਬਹੁਤ ਡੂੰਘੀ, ਸਮਝਣ ਦੀ ਲੋੜ : ਰਾਹੁਲ

ਨਵੀਂ ਦਿੱਲੀ (ਨ ਜ਼ ਸ)-ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕੇਂਦਰੀ ਮੰਤਰੀ ਰਾਜੀਵ ਰੰਜਨ ਸਿੰਘ ਦੀ ਟਿੱਪਣੀ ਕਿ ਵੋਟਰ ਆਈ ਡੀ ਸਮਾਜ ਭਲਾਈ ਪ੍ਰੋਗਰਾਮਾਂ ਲਈ ਲਾਭਪਾਤਰੀਆਂ ਦੀ ਪਛਾਣ ਕਰਨ ਲਈ ਆਧਾਰ ਦੀ ਥਾਂ ਲਵੇਗੀ, 'ਤੇ ਮੋਦੀ ਸਰਕਾਰ ਦੀ ਨਿੰਦਾ ਕੀਤੀ, ਕਿਹਾ ਕਿ ਇਹ ਸਿਰਫ਼ ਵੋਟ ਚੋਰੀ ਨਹੀਂ ਹੈ, ਇਹ ਅਧਿਕਾਰਾਂ ਦੀ ਚੋਰੀ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਮੋਦੀ ਸਰਕਾਰ ਦੇ ਮੰਤਰੀ ਦੇ ਇਸ ਐਲਾਨ ਨੂੰ 'ਸਾਜ਼ਿਸ਼' ਕਰਾਰ ਦਿੱਤਾ ਕਿ ਯੋਜਨਾਵਾਂ ਦੇ ਲਾਭ ਹੁਣ ਆਧਾਰ ਦੁਆਰਾ ਨਹੀਂ, ਸਗੋਂ ਵੋਟਰ ਆਈ ਡੀ ਦੁਆਰਾ ਨਿਰਧਾਰਤ ਕੀਤੇ ਜਾਣਗੇ। "ਸਾਜ਼ਿਸ਼ ਬਹੁਤ ਡੂੰਘੀ ਹੈ, ਇਸ ਨੂੰ ਸਮਝਣ ਲਈ ਸਮਾਂ ਕੱਢੋ। ਐੱਸ ਆਈ ਆਰ ਦੀ ਆੜ ਵਿੱਚ ਵੋਟਰ ਸੂਚੀਆਂ ਤੋਂ ਲੱਖਾਂ ਨਾਂਅ ਕੱਟੇ ਜਾ ਰਹੇ ਹਨ। ਜੇਕਰ ਰੋਕਿਆ ਨਾ ਗਿਆ ਤਾਂ ਹੋਰ ਵੀ ਹਟਾ ਦਿੱਤੇ ਜਾਣਗੇ। ਸਭ ਤੋਂ ਵੱਧ ਕਿਸ ਦੇ ਨਾਂਅ ਨਿਸ਼ਾਨਾ ਬਣਾਏ ਜਾ ਰਹੇ ਹਨ? ਉਹ ਜੋ ਭਾਜਪਾ ਨਾਲ ਨਾਰਾਜ਼ ਹਨ।" ਗਾਂਧੀ ਨੇ ਐਕਸ 'ਤੇ ਹਿੰਦੀ ਵਿੱਚ ਆਪਣੀ ਪੋਸਟ ਵਿੱਚ ਕਿਹਾ। ਵੋਟਰ ਸੂਚੀਆਂ ਇੱਕ ਨਿਰਪੱਖ ਚੋਣ ਕਮਿਸ਼ਨ ਦੇ ਹੱਥਾਂ ਵਿੱਚ ਹੋਣੀਆਂ ਚਾਹੀਦੀਆਂ ਹਨ, ਪਰ ਹੁਣ ਉਹ "ਮੋਦੀ ਸਰਕਾਰ ਦੇ ਕਰਮਚਾਰੀ ਗਿਆਨੇਸ਼ ਕੁਮਾਰ" ਦੇ ਹੱਥਾਂ ਵਿੱਚ ਹਨ, ਜਿਸ ਦੀ ਵੋਟ ਚੋਰੀ ਵਿੱਚ ਭਾਜਪਾ ਨਾਲ ਮਿਲੀਭੁਗਤ "ਅਸੀਂ ਸਬੂਤਾਂ ਦੇ ਨਾਲ ਰੰਗੇ ਹੱਥੀਂ ਫੜੀ ਹੈ", ਉਸ ਨੇ ਕਿਹਾ। ਅਜਿਹੀ ਸੂਚੀ ਬਣਾਉਣ ਦੀ ਤਿਆਰੀ ਚੱਲ ਰਹੀ ਹੈ, ਜਿੱਥੇ ਬਹੁਗਿਣਤੀ ਹਮੇਸ਼ਾ ਭਾਜਪਾ ਦੀ ਹੋਵੇ ਅਤੇ ਹੁਣ ਉਹੀ ਸੂਚੀ ਫੈਸਲਾ ਕਰੇਗੀ ਕਿ ਤੁਹਾਨੂੰ ਯੋਜਨਾ ਦੇ ਲਾਭ ਮਿਲਦੇ ਹਨ ਜਾਂ ਨਹੀਂ, ਗਾਂਧੀ ਨੇ ਦੋਸ਼ ਲਗਾਇਆ। "ਜਿਹੜਾ ਵੀ ਕੱਲ੍ਹ ਇਹ ਫੈਸਲਾ ਕਰਦਾ ਸੀ ਕਿ ਭਾਜਪਾ ਨੂੰ ਜਾਣਾ ਚਾਹੀਦਾ ਹੈ, ਉਸ ਦਾ ਨਾਂਅ ਚੋਰੀ ਚੁੱਕਿਆ ਜਾਵੇਗਾ ਅਤੇ ਕੱਟਿਆ ਜਾਵੇਗਾ। ਨਾਮ ਮਾਰਿਆ ਗਿਆ-ਵੋਟ ਗਿਆ। ਵੋਟ ਗਿਆ-ਹੱਕ ਗਿਆ।" ਉਸ ਨੇ ਕਿਹਾ। "ਇਸੇ ਤਰ੍ਹਾਂ, ਤੁਸੀਂ ਇੱਕ ਹਾਈਜੈਕ ਕੀਤੇ ਲੋਕਤੰਤਰ ਦੇ ਅਦਿੱਖ ਨਾਗਰਿਕ ਬਣ ਜਾਓਗੇ, ਜਿੱਥੇ ਲੋਕ ਸਰਕਾਰ ਨਹੀਂ ਚੁਣਦੇ, ਸਰਕਾਰ ਆਪਣੇ ਲੋਕਾਂ ਨੂੰ ਚੁਣਦੀ ਹੈ। ਅੱਜ ਪੰਚਾਇਤੀ ਰਾਜ ਯੋਜਨਾਵਾਂ। ਕੱਲ੍ਹ, ਰਾਸ਼ਨ? ਪੈਨਸ਼ਨਾਂ? ਮਨਰੇਗਾ? ਰਿਹਾਇਸ਼? ਸਕਾਲਰਸ਼ਿਪ? ਰਾਖਵਾਂਕਰਨ?" ਗਾਂਧੀ ਨੇ ਕਿਹਾ। ਇਹ ਚੋਣਾਂ ਜਿੱਤਣ ਲਈ ਰਾਜਨੀਤੀ ਨਹੀਂ ਹੈ, ਇਹ ਚੋਣਾਂ ਚੋਰੀ ਕਰਨ ਦਾ ਪ੍ਰਬੰਧ ਹੈ ਅਤੇ ਸੱਤਾ ਨਾਲ ਜੁੜੇ ਰਹਿਣ ਲਈ ਇੱਕ ਸਥਾਈ ਸੈੱਟਅੱਪ ਹੈ, ਉਸ ਨੇ ਦੋਸ਼ ਲਗਾਇਆ।" ਵੋਟ ਪਾਉਣਾ ਤੁਹਾਡਾ ਅਧਿਕਾਰ ਹੈ, ਕੋਈ ਸ਼ਰਤ ਨਹੀਂ। ਇੱਕ ਗਰੀਬ ਵਿਅਕਤੀ ਦੀ ਪੈਨਸ਼ਨ ਨੂੰ ਉਨ੍ਹਾਂ ਦੇ ਵੋਟਰ ਕਾਰਡ ਦਾ ਗੁਲਾਮ ਨਹੀਂ ਬਣਾਇਆ ਜਾ ਸਕਦਾ। ਇਹ ਸਿਰਫ਼ ਵੋਟ ਚੋਰੀ ਨਹੀਂ ਹੈ ਬਲਕਿ ਇਹ ਅਧਿਕਾਰਾਂ ਦੀ ਚੋਰੀ ਹੈ। ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ।" ਗਾਂਧੀ ਨੇ ਕਿਹਾ। ਉਨ੍ਹਾਂ ਨੇ ਪੰਚਾਇਤੀ ਰਾਜ ਮੰਤਰੀ ਰਾਜੀਵ ਰੰਜਨ ਸਿੰਘ ਉਰਫ਼ ਲਲਨ ਸਿੰਘ ਦੀਆਂ ਟਿੱਪਣੀਆਂ ਦੀ ਇੱਕ ਵੀਡੀਓ ਕਲਿੱਪ ਵੀ ਪੋਸਟ ਕੀਤੀ।

ਮੈਕਸੀਕੋ ਦਾ ਜੱਜ 20 ਲੱਖ ਡਾਲਰ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ

ਵਾਸ਼ਿੰਗਟਨ (ਨ ਜ਼ ਸ)-ਅਮਰੀਕਨ ਅਧਿਕਾਰੀਆਂ ਨੇ ਦੱਸਿਆ ਕਿ ਮੈਕਸੀਕੋ ਦੇ ਇੱਕ ਜੱਜ ਨੂੰ 20 ਲੱਖ ਡਾਲਰ ਰਿਸ਼ਵਤ ਲੈ ਕੇ ਅਜਿਹੇ ਵਿਅਕਤੀ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ, ਜੋ ਰਿਆਨ ਵੈਡਿੰਗ (ਸਾਬਕਾ ਕੈਨੇਡੀਅਨ ਓਲੰਪਿਕ ਸਨੋਬੋਰਡਰ, ਜੋ ਬਾਅਦ ਵਿੱਚ ਕਥਿਤ ਤੌਰ 'ਤੇ ਨਸ਼ਾ ਤਸਕਰੀ ਦਾ ਮੁੱਖ ਸਰਗਨਾ ਬਣ ਗਿਆ) ਦਾ ਕਰੀਬੀ ਸਹਿਯੋਗੀ ਮੰਨਿਆ ਜਾਂਦਾ ਹੈ। ਅਮਰੀਕੀ ਨਿਆਂ ਵਿਭਾਗ ਨੇ ਦੱਸਿਆ ਕਿ ਜੱਜ ਲੁਈਸ ਬੇਨੀਟੇਜ਼ ਅਲਕਾਂਤਾਰਾ 'ਤੇ ਦੋਸ਼ ਹਨ ਕਿ ਉਸ ਨੇ ਆਪਣੇ ਅਧਿਕਾਰਤ ਅਹੁਦੇ ਦੀ ਦੁਰਵਰਤੋਂ ਕਰਕੇ ਐਂਡਰਿਊ ਕਲਾਰਕ ਨਾਮਕ 36 ਸਾਲਾ ਕੈਨੇਡੀਅਨ ਵਿਅਕਤੀ ਨੂੰ ਰਿਹਾਅ ਕਰਵਾਇਆ। ਕਲਾਰਕ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਹਿੰਸਕ ਨਸ਼ਾ ਤਸਕਰੀ ਗਰੋਹ ਵਿੱਚ ਅਹਿਮ ਭੂਮਿਕਾ ਨਿਭਾਉਣ ਦਾ ਦੋਸ਼ ਹੈ; ਇਸ ਰਿਹਾਈ ਕਾਰਨ ਕਲਾਰਕ ਹਿਰਾਸਤ ਤੋਂ ਬਚ ਨਿਕਲਣ ਵਿੱਚ ਕਾਮਯਾਬ ਹੋ ਗਿਆ।

ਬਾਕਸ ਆਫ਼ਸ 'ਤੇ ਛਾਈ ਫ਼ਿਲਮ ਰਾਮਾਇਣ



ਨਵੀਂ ਦਿੱਲੀ : ਹਿੰਦੂ ਮਿਥਿਹਾਸਕ ਮਹਾਕਾਵਿ 'ਤੇ ਆਧਾਰਤ ਫ਼ਿਲਮ 'ਰਾਮਾਇਣ : ਪਾਰਟ ਵਨ' ਨੇ ਦੁਨੀਆ ਭਰ ਦੇ ਬਾਕਸ ਆਫ਼ਸ 'ਤੇ ਧਮਾਕੇਦਾਰ ਸ਼ੁਰੂਆਤ ਕੀਤੀ ਹੈ। ਫ਼ਿਲਮ ਦੇ ਨਿਰਮਾਤਾਵਾਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਫ਼ਿਲਮ ਨੇ ਆਪਣੇ ਰਿਲੀਜ਼ ਦੇ ਪਹਿਲੇ ਹੀ ਦਿਨ ਦੁਨੀਆ ਭਰ ਵਿੱਚੋਂ 155 ਕਰੋੜ ਰੁਪਏ ਦੀ ਕੁਲ ਕਮਾਈ ਕੀਤੀ ਹੈ। ਨਿਤੇਸ਼ ਤਿਵਾੜੀ ਦੇ ਨਿਰਦੇਸ਼ਨ ਹੇਠ ਬਣੀ ਇਹ ਫ਼ਿਲਮ 5 ਨਵੰਬਰ ਨੂੰ ਦੁਨੀਆ ਭਰ 'ਚ ਰਿਲੀਜ਼ ਹੋਈ ਸੀ। ਫ਼ਿਲਮ 'ਚ ਰਣਬੀਰ ਕਪੂਰ ਨੇ ਭਗਵਾਨ ਰਾਮ, ਸਾਈ ਪੱਲਵੀ ਨੇ ਸੀਤਾ, ਯਸ਼ ਨੇ ਰਾਵਣ ਅਤੇ ਰਵੀ ਦੂਬੇ ਨੇ ਲਕਸ਼ਮਣ ਦੀ ਭੂਮਿਕਾ ਨਿਭਾਈ ਹੈ।

ਤੇਜਪਾਲ ਦੀ ਸਜ਼ਾ 'ਤੇ ਰੋਕ ਲਾਉਣ ਤੋਂ ਇਨਕਾਰ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ 2013 ਦੇ ਜਬਰ-ਜ਼ਨਾਹ ਮਾਮਲੇ ਵਿੱਚ ਪੱਤਰਕਾਰ ਤਰੁਣ ਤੇਜਪਾਲ ਨੂੰ ਸੁਣਾਈ ਗਈ 10 ਸਾਲ ਦੀ ਸਜ਼ਾ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਪ੍ਰਸੰਨਾ ਬੀ ਵੀ ਰਾਏ ਦੀ ਬੈਂਚ ਨੇ ਸਜ਼ਾ 'ਤੇ ਰੋਕ ਲਗਾਉਣ ਦੀ ਮੰਗ ਕਰਨ ਵਾਲੀ ਤੇਜਪਾਲ ਦੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਦਿੱਤਾ। ਬੈਂਚ ਨੇ ਤੇਜਪਾਲ ਅਤੇ ਗੋਆ ਸਰਕਾਰ ਵੱਲੋਂ ਪੇਸ਼ ਹੋਏ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕਿਹਾ ਕਿ ਉਹ ਸਜ਼ਾ 'ਤੇ ਰੋਕ ਲਗਾਉਣ ਦੇ ਹੱਕ ਵਿੱਚ ਨਹੀਂ ਹੈ। 6 ਅਗਸਤ ਨੂੰ ਬੰਬੇ ਹਾਈ ਕੋਰਟ ਨੇ ਪੰਜ ਸਾਲ ਪਹਿਲਾਂ ਟਰਾਇਲ ਕੋਰਟ ਵੱਲੋਂ ਤਹਿਲਕਾ ਮੈਗਜ਼ੀਨ ਦੇ ਸਾਬਕਾ ਸੰਪਾਦਕ ਨੂੰ ਬਰੀ ਕਰਨ ਦੇ ਫੈਸਲੇ ਨੂੰ ਉਲਟਾਉਂਦਿਆਂ ਤੇਜਪਾਲ ਨੂੰ ਜਬਰ-ਜ਼ਨਾਹ ਦਾ ਦੋਸ਼ੀ ਠਹਿਰਾਇਆ ਸੀ ਅਤੇ 10 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਸੀ। 62 ਸਾਲਾ ਪੱਤਰਕਾਰ ਨੇ ਦਾਅਵਾ ਕੀਤਾ ਹੈ ਕਿ ਉਹ ਸਿਆਸੀ ਬਦਲਾਖੋਰੀ ਦਾ ਸ਼ਿਕਾਰ ਹੋਇਆ ਹੈ।

ਲੰਡਨ ਵਾਸੀ ਮਾਡਲ ਨੂੰ ਲੁੱਟਿਆ

ਅੰਮ੍ਰਿਤਸਰ (ਨ ਜ਼ ਸ)-ਅੰਮ੍ਰਿਤਸਰ ਦੇ ਰਾਮ ਤਲਾਈ ਇਲਾਕੇ ਵਿੱਚ ਅਟਾਰੀ-ਵਾਹਗਾ ਸਰਹੱਦ ਤੋਂ ਵਾਪਸ ਪਰਤ ਰਹੀ ਇੱਕ ਵਿਦੇਸ਼ੀ ਮਹਿਲਾ ਸੈਲਾਨੀ ਤੋਂ ਮੋਟਰਸਾਈਕਲ ਸਵਾਰ ਅਣਪਛਾਤੇ ਲੁਟੇਰੇ ਵੱਲੋਂ 1.5 ਲੱਖ ਰੁਪਏ ਦੀ ਕੀਮਤ ਦਾ ਮੋਬਾਈਲ ਫ਼ੋਨ ਖੋਹਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਵਾਰਦਾਤ ਥਾਣਾ ਰਾਮਬਾਗ ਦੇ ਅਧਿਕਾਰ ਖੇਤਰ ਵਿੱਚ ਵਾਪਰੀ। ਪੁਲਸ ਨੇ ਪੀੜਤ ਮਹਿਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਹ ਘਟਨਾ ਉਦੋਂ ਸਾਹਮਣੇ ਆਈ, ਜਦੋਂ ਲੰਡਨ ਦੀ ਰਹਿਣ ਵਾਲੀ ਪੀੜਤਾ ਲਾਲੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਵੀਡੀਓ ਪੋਸਟ ਕਰਕੇ ਆਪਣੇ ਨਾਲ ਵਾਪਰੀ ਘਟਨਾ ਅਤੇ ਸ਼ਹਿਰ ਦੇ ਆਪਣੇ ਤਜਰਬੇ ਬਾਰੇ ਜਾਣਕਾਰੀ ਦਿੱਤੀ।

ਪੰਜਾਬ ਤੇ ਹਰਿਆਣਾ ਹਿਮਾਚਲ ਨੂੰ ਦੇਣਗੇ 119730 ਲੱਖ ਯੂਨਿਟ ਬਿਜਲੀ

ਨਵੀਂ ਦਿੱਲੀ (ਨ ਜ਼ ਸ)-ਸੁਪਰੀਮ ਕੋਰਟ ਨੇ 1966 ਤੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਪ੍ਰਾਜੈਕਟਾਂ ਤੋਂ ਬਕਾਏ ਦੇ ਭੁਗਤਾਨ ਨੂੰ ਲੈ ਕੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿਚਕਾਰ ਚੱਲ ਰਹੇ ਦਹਾਕਿਆਂ ਪੁਰਾਣੇ ਊਰਜਾ ਵਿਵਾਦ ਦਾ ਨਿਪਟਾਰਾ ਕਰ ਦਿੱਤਾ ਹੈ। ਮੁੱਖ ਜੱਜ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਪੰਜਾਬ ਅਤੇ ਹਰਿਆਣਾ ਵੱਲੋਂ ਹਿਮਾਚਲ ਪ੍ਰਦੇਸ਼ ਨੂੰ ਬਿਜਲੀ ਦੇ ਰੂਪ ਵਿੱਚ ਬਕਾਏ ਦੇ ਭੁਗਤਾਨ ਸੰਬੰਧੀ ਕੇਂਦਰ ਸਰਕਾਰ ਦੇ ਕੈਸ਼ਲੈੱਸ ਪ੍ਰਸਤਾਵ ਨੂੰ ਪ੍ਰਵਾਨ ਕਰ ਲਿਆ ਹੈ। ਸਰਵਉੱਚ ਅਦਾਲਤ ਨੇ ਕਿਹਾ ਕਿ ਇਹ ਵਿਵਸਥਾ 2011 ਦੇ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੇ ਅਨੁਸਾਰ ਹੋਵੇਗੀ, ਜਿਸ ਵਿੱਚ 1966 ਤੋਂ ਭਾਖੜਾ ਨੰਗਲ ਅਤੇ ਬਿਆਸ ਜਲ ਬਿਜਲੀ ਪ੍ਰਾਜੈਕਟਾਂ ਤੋਂ ਪੈਦਾ ਬਿਜਲੀ ਬਕਾਏ ਦਾ 7.19 ਫ਼ੀਸਦੀ ਹਿੱਸਾ ਹਿਮਾਚਲ ਪ੍ਰਦੇਸ਼ ਦੇ ਹੱਕ ਵਿੱਚ ਤੈਅ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ 20 ਸਾਲਾਂ ਦੀ ਮਿਆਦ ਦੇ ਅੰਦਰ ਹਿਮਾਚਲ ਪ੍ਰਦੇਸ਼ ਨੂੰ 11,9730 ਲੱਖ ਮਿਲੀਅਨ ਯੂਨਿਟ ਬਿਜਲੀ ਦਾ ਭੁਗਤਾਨ ਕਰਨਗੇ।

ਪੰਜਾਬ ਸਰਕਾਰ ਨੇ ਸ਼ੁਰੂ ਵਿੱਚ 15 ਸਾਲਾਂ ਵਿੱਚ ਬਿਜਲੀ ਬਕਾਏ ਦੇ ਭੁਗਤਾਨ ਦੇ ਕੇਂਦਰ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਸੀ, ਪਰ ਬਾਅਦ ਵਿੱਚ ਇਸ ਯੋਜਨਾ ਨੂੰ 30 ਸਾਲਾਂ ਦੀ ਮਿਆਦ ਵਿੱਚ ਲਾਗੂ ਕਰਨ ਦੀ ਮੰਗ ਕੀਤੀ, ਜਦੋਂ ਕਿ ਹਿਮਾਚਲ ਪ੍ਰਦੇਸ਼ ਨੇ ਇਸ ਨੂੰ 10 ਸਾਲਾਂ ਦੇ ਅੰਦਰ ਲਾਗੂ ਕਰਨ ਦੀ ਮੰਗ ਕੀਤੀ ਸੀ। ਇਸ ਪ੍ਰਸਤਾਵ ਤਹਿਤ ਡੈਮਾਂ ਦੀ ਉਸਾਰੀ ਵਿੱਚ ਆਈ ਇਤਿਹਾਸਕ ਪੂੰਜੀਗਤ ਲਾਗਤ ਦੇ 420 ਕਰੋੜ ਰੁਪਏ ਦੇ ਸਮਾਯੋਜਨ ਨੂੰ ਸਮਝੌਤੇ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਅਤੇ ਹਰਿਆਣਾ ਨੂੰ ਕੋਈ ਰਕਮ ਨਹੀਂ ਦੇਣੀ ਪਵੇਗੀ।

6 ਲੱਖ ਤੋਂ ਵੱਧ ਲੋਕਾਂ ਲਈ ਖੁੱਲ੍ਹੇਗਾ ਕੈਨੇਡਾ ਪੀ ਆਰ ਦਾ ਰਾਹ

ਓਟਾਵਾ (ਨ ਜ਼ ਸ)-ਸੰਘੀ ਸਰਕਾਰ ਦੇ ਬਜਟ 2026 ਅਤੇ ਨਵੇਂ 'ਇਮੀਗ੍ਰੇਸ਼ਨ ਲੈਵਲਜ਼ ਪਲਾਨ' ਅਨੁਸਾਰ ਕੈਨੇਡਾ ਨਿਯਮਤ ਇਮੀਗ੍ਰੇਸ਼ਨ ਦਾਖਲਿਆਂ ਅਤੇ ਅਸਥਾਈ ਨਿਵਾਸੀਆਂ ਲਈ ਇੱਕ ਵਾਰ ਦੀ ਤਬਦੀਲੀ (ਟਰਾਂਜ਼ਿਸ਼ਨ) ਯੋਜਨਾ ਦੇ ਸੁਮੇਲ ਰਾਹੀਂ 2027 ਦੇ ਅੰਤ ਤੱਕ 622,000 ਨਵੇਂ ਪੱਕੇ ਨਿਵਾਸੀਆਂ ਦਾ ਸਵਾਗਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੁਆਰਾ ਕੈਨੇਡਾ ਸਰਕਾਰ ਦੀ ਅਧਿਕਾਰਤ ਵੈੱਬਸਾਈਟ 'ਤੇ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ 5 ਨਵੰਬਰ ਨੂੰ ਐਲਾਨੇ ਗਏ ਇਨ੍ਹਾਂ ਉਪਾਵਾਂ ਦਾ ਮੁੱਖ ਉਦੇਸ਼ 2027 ਦੇ ਅੰਤ ਤੱਕ ਕੈਨੇਡਾ ਵਿੱਚ ਪਹਿਲਾਂ ਤੋਂ ਮੌਜੂਦ 200,000 ਅਸਥਾਈ ਨਿਵਾਸੀਆਂ ਨੂੰ ਪੱਕੀ ਨਿਵਾਸ ਵਿੱਚ ਤਬਦੀਲ ਕਰਨ ਦੀ ਸਹੂਲਤ ਦੇਣਾ ਹੈ। ਇਸ ਦੇ ਨਾਲ ਹੀ 2027 ਵਿੱਚ 422,000 ਨਵੇਂ ਪੱਕੇ ਨਿਵਾਸੀਆਂ ਦੇ ਦਾਖਲੇ ਦਾ ਟੀਚਾ ਵੀ ਮਿਥਿਆ ਗਿਆ ਹੈ। ਇਹ ਲੈਵਲਜ਼ ਪਲਾਨ ਨਵੇਂ ਅਸਥਾਈ ਨਿਵਾਸੀਆਂ ਦੇ ਆਗਮਨ ਦੇ ਟੀਚਿਆਂ ਨੂੰ 370,000 ਪ੍ਰਤੀ ਸਾਲ 'ਤੇ ਸਥਿਰ ਕਰਦਾ ਹੈ। ਇਸ ਵਿੱਚ 2027, 2028 ਅਤੇ 2029 ਦੌਰਾਨ ਹਰ ਸਾਲ 220,000 ਨਵੇਂ ਕਾਮੇ ਅਤੇ 150,000 ਤੱਕ ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਮਲ ਹਨ।

2027 ਲਈ ਅਸਥਾਈ ਨਿਵਾਸੀਆਂ ਦੇ ਟੀਚੇ ਵਿੱਚ ਸ਼ਾਮਲ 220,000 ਕਾਮਿਆਂ ਦੀਆਂ ਥਾਵਾਂ ਵਿੱਚੋਂ 50,000 ਥਾਵਾਂ 'ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ' ਲਈ ਅਲਾਟ ਕੀਤੀਆਂ ਗਈਆਂ ਹਨ। 200,000 ਟਰਾਂਜ਼ਿਸ਼ਨ ਥਾਵਾਂ ਵਿੱਚੋਂ 100,000 ਥਾਵਾਂ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸਹਿਯੋਗ ਨਾਲ ਐਕਸਪ੍ਰੈੱਸ ਐਂਟਰੀ ਅਤੇ ਪ੍ਰੋਵਿੰਸ਼ੀਅਲ ਨੋਮੀਨੀ ਪ੍ਰੋਗਰਾਮ ਰਾਹੀਂ ਕੁਸ਼ਲ ਕਾਮਿਆਂ ਲਈ ਰਾਖਵੀਆਂ ਕੀਤੀਆਂ ਜਾਣਗੀਆਂ।

ਟਰੱਕ ਹੇਠ ਆਉਣ ਨਾਲ 3 ਬੱਚਿਆਂ ਸਣੇ 7 ਦੀ ਮੌਤ

ਰਾਂਚੀ : ਝਾਰਖੰਡ ਦੇ ਖੂੰਟੀ ਜ਼ਿਲ੍ਹੇ ਵਿੱਚ ਇੱਕ ਤੇਜ਼ ਰਫ਼ਤਾਰ 18 ਪਹੀਆ ਟਰੱਕ ਹੇਠ ਆਉਣ ਨਾਲ ਤਿੰਨ ਬੱਚਿਆਂ ਅਤੇ ਤਿੰਨ ਔਰਤਾਂ ਸਮੇਤ ਘੱਟੋ-ਘੱਟ 7 ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਜ਼ਖ਼ਮੀ ਹੋ ਗਿਆ।

ਇਹ ਘਟਨਾ ਵੀਰਵਾਰ ਰਾਤ ਕਰਾ ਪੁਲਸ ਥਾਣੇ ਦੀ ਹੱਦ ਅਧੀਨ ਕਰਾ-ਤੋਰਪਾ ਮੁੱਖ ਮਾਰਗ 'ਤੇ ਵਾਪਰੀ।

ਖੂੰਟੀ ਦੇ ਐੱਸ.ਪੀ. ਰਿਸ਼ਭ ਗਰਗ ਨੇ ਮੀਡੀਆ ਨੂੰ ਦੱਸਿਆ ਕਿ ਇੱਕ ਬੇਕਾਬੂ ਤੇਜ਼ ਰਫ਼ਤਾਰ ਟਰੱਕ ਵੱਲੋਂ ਦਰੜੇ ਜਾਣ ਕਾਰਨ 6 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ।



ਅੱਜ-ਨਾਮਾ

ਚਰਚਾ ਫੇਰ ਪਰਦੂਸ਼ਣ ਦੀ ਵਧੀ ਬਾਹਲੀ,
ਨਿਕਲਿਆ ਹੱਲ ਨਾ ਅਜੇ ਵੀ ਤੀਕ ਬੇਲੀ।
ਕਰਦੀ ਕੰਮ ਨਾ ਬਹੁਤੇ ਸਰਕਾਰ ਦਿੱਸਦੀ,
ਮਜਬੂਰਨ ਰਹੀ ਆ ਕਦਮ ਧਰੀਕ ਬੇਲੀ।
ਅਦਾਲਤ ਦੇਸ਼ ਦੀ ਵੱਡੀ ਵਿਚਾਰ ਕਰਦੀ,
ਲੱਭਦਾ ਕਿਤੇ ਵੀ ਕੰਮ ਨਹੀਂ ਠੀਕ ਬੇਲੀ।
ਅਦਾਲਤਾਂ ਵਿੱਚ ਵਿਚਾਰਨ ਨੂੰ ਪੇਸ਼ ਹੁੰਦਾ,
ਨੁਕਤਾ ਬਰੀਕ ਤੋਂ ਜਿਹੜਾ ਬਰੀਕ ਬੇਲੀ।
ਆਉਂਦੇ ਸਿੱਧੇ ਸਰਕਾਰਾਂ ਨੂੰ ਹੁਕਮ ਓਥੋਂ,
ਕੀ ਕੁਝ ਕਰਨ ਤੇ ਕੀ ਨਹੀਂ ਕਰਨ ਬੇਲੀ।
ਨਾਲਾਇਕੀ ਸਾਫ ਸਰਕਾਰ ਦੀ ਹਰ ਬੰਨੇ,
ਹੁੰਦਾ ਜਿੱਦਾਂ ਵੀ, ਲੋਕ ਪਏ ਭਰਨ ਬੇਲੀ।

-ਤੀਸ ਮਾਰ ਖਾਂ

ਗ਼ਦਰੀ ਮੇਲੇ ਦੀ ਲੜੀ ਅੱਗੇ ਤੋਰਨ ਦਾ ਸੱਦਾ

ਜਰਨੈਲ ਸਿੰਘ ਕੋਟਲਾ ਨੌਧ ਸਿੰਘ ਨੂੰ ਸ਼ਰਧਾਂਜਲੀ



ਜਲੰਧਰ (ਕੇਸਰ) : ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ 'ਤੇ ਮੁਬਾਰਕਬਾਦ ਦੇ ਸ਼ਬਦ ਸਾਂਝੇ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੇਲੇ ਦੀਆਂ ਸਹਿਯੋਗੀ ਸਮੂਹ ਸੰਸਥਾਵਾਂ, ਬੱਬਰ ਅਕਾਲੀ ਲਹਿਰ, ਗ਼ਦਰੀ ਦੇਸ਼ ਭਗਤਾਂ ਅਤੇ ਇਨਕਲਾਬੀ ਵਿਰਾਸਤ ਨੂੰ ਬੁਲੰਦ ਰੱਖ ਰਹੇ ਮੇਲੇ ਵਿੱਚ ਹਰ ਸੰਭਵ ਯੋਗਦਾਨ ਪਾਉਣ ਵਾਲੇ ਸਭਨਾਂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਰਵਾਇਤੀ ਮੇਲਿਆਂ ਤੋਂ ਹਟਵਾਂ ਲੋਕਾਂ ਦੁਆਰਾ, ਲੋਕਾਂ ਲਈ ਲੱਗਦਾ ਇਹ ਮੇਲਾ 35 ਵਰ੍ਹੇ ਦਾ ਸਫ਼ਲਤਾ-ਪੂਰਵਕ ਸਫ਼ਰ ਕਰਦਾ ਜਿਸ ਮੁਕਾਮ 'ਤੇ ਪੁੱਜਾ ਹੈ, ਇਸ ਦਾ ਸਿਹਰਾ ਲੋਕਾਂ ਦੇ ਭਰਵੇਂ ਸਾਥ ਨੂੰ ਜਾਂਦਾ ਹੈ। ਉਹਨਾਂ ਕਿਹਾ ਕਿ ਪਹਿਲੀ ਨਵੰਬਰ ਜਲੰਧਰ ਸ਼ਹਿਰ 'ਚ ਮੈਚ, ਦਿੱਲੀ ਰੈਲੀ, ਮਾਨਸਾ ਘੋਲ, ਝੋਨੇ ਦੀ ਫਸਲ ਸਾਂਭਣ ਦਾ ਸਿਖ਼ਰ ਅਤੇ ਯੂਨੀਵਰਸਿਟੀਆਂ ਦੇ ਚੱਲ ਰਹੇ ਯੂਥ ਫੈਸਟੀਵਲ ਆਦਿ ਅਨੇਕਾਂ ਕਾਰਨਾਂ ਦੇ ਬਾਵਜੂਦ ਮੇਲੇ 'ਤੇ ਪ੍ਰਭਾਵਸ਼ਾਲੀ ਹਾਜ਼ਰੀ ਦਾ ਹੋਣਾ ਅਤੇ ਵੰਨ-ਸੁਵੰਨੀਆਂ ਕਲਾ-ਕਿਰਤਾਂ ਨੇ ਲੋਕਾਂ ਦੇ ਮਨ ਰੌਸ਼ਨ ਕਰਨ ਦਾ ਉਹਨਾਂ ਵੱਲੋਂ ਕਮੇਟੀ ਨੂੰ ਮਿਲ ਰਹੇ ਸੁਨੇਹਿਆਂ ਤੋਂ ਪਤਾ ਲੱਗਦਾ ਹੈ ਕਿ ਲੋਕ ਮੇਲੇ ਦਾ ਅਮਿੱਟ ਪ੍ਰਭਾਵ ਲੈ ਕੇ ਗਏ ਹਨ। ਕਮੇਟੀ ਨੇ ਲੋਕਾਂ ਨੂੰ ਵਿਸ਼ੇਸ਼ ਅਪੀਲ ਵੀ ਕੀਤੀ ਹੈ ਕਿ ਪਹਿਲੀ ਨਵੰਬਰ ਗ਼ਦਰੀ ਮੇਲੇ ਦਾ ਸੁਨੇਹਾ ਪੱਲੇ ਬੰਨ੍ਹਦੇ ਹੋਏ ਪਿੰਡਾਂ, ਸ਼ਹਿਰਾਂ, ਵਿਦਿਅਕ ਸੰਸਥਾਵਾਂ ਅਤੇ ਥਾਓਂ-ਥਾਈਂ ਚੱਲ ਰਹੇ ਲੋਕ ਸੰਘਰਸ਼ਾਂ ਦੇ ਪਿੜਾਂ ਅੰਦਰ ਮੇਲੇ ਦੀ ਤਰਜ਼ 'ਤੇ ਸੰਭਵ ਵਿਧਾਵਾਂ 'ਚ ਸਾਹਿਤਕ/ ਸੱਭਿਆਚਾਰਕ ਸਮਾਗਮਾਂ ਦੀ ਲੜੀ ਜਾਰੀ ਰੱਖਣ ਲਈ ਸਥਾਨਕ/ਇਲਾਕਾ ਪੱਧਰੀ ਸਮਾਗਮ ਕਰਨ ਦੇ ਸਮਾਗਮ ਉਲੀਕਣੇ ਚਾਹੀਦੇ ਹਨ, ਜਿਹੜੇ ਇੱਕ ਪੜਾਅ ਵਜੋਂ ਕਿਸੇ ਨਾ ਕਿਸੇ ਰੂਪ ਵਿੱਚ 23 ਮਾਰਚ ਦੇ ਸ਼ਹੀਦਾਂ ਦੇ ਦਿਹਾੜੇ ਦੇ ਪੈਗ਼ਾਮ ਤੱਕ ਨਿਰੰਤਰ ਚੱਲਣ। ਕਮੇਟੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਿਜਦਾ ਕਰਨ ਲਈ ਨਵੰਬਰ ਮਹੀਨੇ ਸਮਾਗਮ ਕਰਨ ਦੀ ਵੀ ਅਪੀਲ ਕੀਤੀ ਹੈ।ਕਮੇਟੀ ਨੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਪਿੰਡ ਕੋਟਲਾ ਨੌਧ ਸਿੰਘ ਦੇ ਜਰਨੈਲ ਸਿੰਘ ਦੇ ਵਿਛੋੜੇ 'ਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਅਹਿਦ ਕੀਤਾ ਕਿ ਉਹਨਾਂ ਦੇ ਸੰਗਰਾਮੀ ਸਫ਼ਰ ਨੂੰ ਜਾਰੀ ਰੱਖਿਆ ਜਾਏਗਾ। ਜਰਨੈਲ ਸਿੰਘ ਨੇ ਸਾਰੀ ਉਮਰ ਗ਼ਦਰੀ ਗੁਲਾਬ ਕੌਰ ਦੀ ਸੋਚ 'ਤੇ ਪਹਿਰਾ ਦਿੱਤਾ।



ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਨੂੰ ਸਮਰਪਤ

ਚੰਡੀਗੜ੍ਹ-ਮੁਹਾਲੀ ਤੋਂ ਵਿਸ਼ੇਸ਼ ਸਪਲੀਮੈਂਟ



ਸੁਰਜੀਤ ਸੁਮਨ
ਮੋਬਾ: 98144-39874

ਆਪ ਸਭ ਨੂੰ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !

ਸਿਆਣੇ ਕਹਿੰਦੇ ਹਨ ਕਿ ਲੋਕ ਗੀਤ ਦੀ ਉਮਰ ਬਹੁਤ ਲੰਮੇਰੀ ਹੁੰਦੀ ਹੈ।ਸੱਚ ਪੁੱਛੋਂ, ਤਾਂ ਮੇਰੇ ਇਰਦ-ਗਿਰਦ ਵੀ ਲੋਕ ਗੀਤਾਂ ਜਿਹੇ ਲੋਕ ਹੀ ਵਿਚਰਦੇ ਹਨ ਤੇ ਮੈਂ ਇਨਾਂ ਲੋਕਾਂ ਵਿੱਚ ਜਦੋਂ ਕਦੀ ਮੈਂ ਨਿਊ ਚੰਡੀਗੜ੍ਹ ਵਿਚਕਾਰ ਘਿਰੇ ਪੁਆਧੀ ਪਿੰਡ ਹੁਸ਼ਿਆਰਪੁਰ ਵਸਦੇ ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ, ਪੁਆਧ ਦੇ ਅੰਤਲੇ ਪਹਾੜੀ ਪਿੰਡ ਟਾਂਡਾ ਕਰੋਰਾਂ ਦੀ ਜੂਹ ਵਿੱਚ ਵਸਦੇ ਠੇਕੇਦਾਰ ਸਮਾਜ ਸੇਵੀ ਗੁਰਮੇਲ ਸਿੰਘ, ਜ਼ਮੀਨ ਨਾਲ ਜੁੜ, ਦਿਲ ਵਿੱਚ ਲੋਕ ਦਰਦ ਰੱਖਣ ਵਾਲੇ ਰਵੀ ਸਿੰਘ, ਸਾਡੇ ਬੱਚਿਆਂ ਹਰਪ੍ਰੀਤ ਸਿੰਘ ਹੈਪੀ, ਅੰਮ੍ਰਿਤਪਾਲ ਸਿੰਘ, ਜਦੋਂ ਮੈਂ ਮਿਕਨਾਤੀਸੀ ਅੱਖ ਨਾਲ ਫੋਟੋ ਸਿਰਜਣ ਵਾਲ਼ੇ ਫਿਲਮ ਡਾਇਰੈਕਟਰ ਇੰਦਰਜੀਤ ਪ੍ਰੇਮੀ, ਤਰਸੇਮ ਬਸ਼ਰ, ਭਾਖੜਾ ਡੈਮ ਨੂੰ ਭਲੇ ਵੇਲਿਆਂ ਵਿੱਚ ਨੇੜਿਓ ਨਿਹਾਰਨ ਵਾਲ਼ੇ ਸਾਡੇ ਬਜ਼ੁਰਗਵਾਰ ਭਗਤ ਰਾਮ ਰੰਗਾੜਾ ਦੀ ਕੁਟੀਆ, ਵੱਡੇ ਵੀਰ ਸੋਮਨਾਥ ਭੱਟ ਕੋਲ ਜਾਂਦਾ ਹਾਂ ਜਾਂ ਫਿਰ ਜਦੋਂ ਮੈਂ ਅੱਧਾ ਕੈਨੇਡਾ ਤੇ ਅੱਧਾ ਪੰਜਾਬ ਹੋ ਚੁੱਕੇ ਜਸਪਾਲ ਸਿੰਘ ਦੇਸੂਵੀ ਦੇ ਘਰ ਮੂਹਰੋਂ ਲੰਘਦਾ ਹਾਂ, ਤਾਂ ਝੱਟ ਮੈਨੂੰ ਲੋਕ ਗੀਤ ਚੇਤੇ ਆ ਜਾਂਦੇ ਹਨ।ਇਹ ਸਾਰੀਆਂ ਸ਼ਖਸੀਅਤਾਂ ਮੈਨੂੰ ਲੋਕ ਗੀਤਾਂ ਵਰਗੀਆਂ ਹੀ ਜਾਪਦੀਆਂ ਹਨ। ਇਹ ਤੇ ਇਨ੍ਹਾਂ ਜਿਹੀਆਂ ਕਿੰਨੀਆਂ ਹੀ ਹੋਰ ਰੂਹਾਂ ਵੀ ਲੋਕ ਗੀਤਾਂ ਜਿਹੀਆਂ ਹੀ ਹੁੰਦੀਆਂ ਹੋਣਗੀਆਂ।ਇਹੋ ਸਮਝਣ ਦੇ ਆਹਰ ਵਿੱਚ ਹਾਂ।ਸਮਾਜ ਵਿੱਚ ਵਿਚਰਨਾ ਅਗਾਂਹ ਵਧਣਾ ਜਾਂ ਭਾਈਚਾਰਾ ਕਾਇਮ ਕਰਨਾ ਕੋਈ ਇਨ੍ਹਾਂ ਲੋਕਾਂ ਤੋਂ ਸਿੱਖੇ।ਸ਼ਾਲਾ! ਇਹ ਕਾਫਲਾ ਹੋਰ ਵਸੀਹ ਹੁੰਦਾ ਰਹੇ।ਅਦਾਰਾ ਰੋਜ਼ਾਨਾ ਨਵਾਂ ਜ਼ਮਾਨਾ ਦੀ ਸਰਪ੍ਰਸਤੀ ਵਿੱਚ ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਮੌਕੇ ਚੰਡੀਗੜ੍ਹ/ਮੋਹਾਲੀ, ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਹੱਕ, ਸੱਚ ਤੇ ਅਮਨ-ਸ਼ਾਂਤੀ ਦੀ ਲੜਾਈ ਲੜਨ ਵਾਲ਼ਿਆਂ ਨੂੰ ਦੀਵਾਲੀ, ਬੰਦੀ ਛੋੜ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਸ਼ੁਭ-ਕਾਮਨਾਵਾਂ।ਇਸ ਸਪਲੀਮੈਂਟ ਲਈ ਵਿਸ਼ੇਸ਼ ਯੋਗਦਾਨ ਦੇਣ ਵਾਲੀ ਹਰ ਉਸ ਸ਼ਖਸੀਅਤ, ਜਿਸ ਦਾ ਹੱਥ ਸਾਡੀ ਪਿੱਠ 'ਤੇ ਰਿਹਾ, ਉਨ੍ਹਾਂ ਸਭਨਾਂ ਦਾ ਧੰਨਵਾਦ, ਦੁਆਵਾਂ ਤੇ ਭਵਿੱਖੀ ਆਸ ਨਾਲ...

- ਸੁਰਜੀਤ ਸੁਮਨ



ਭਗਤ ਰਾਮ ਰੰਗਾੜਾ
ਲੇਖਕ



ਗੁਰਮੇਲ ਸਿੰਘ
ਠੇਕੇਦਾਰ



ਸਤਨਾਮ ਸਿੰਘ ਸ਼ੋਕਰ
ਪ੍ਰਿੰਸੀਪਲ



ਰਵੀ ਸਿੰਘ
ਰਵੀ ਬਿਲਡਰਜ਼, ਖਰੜ



ਇੰਦਰਜੀਤ ਪ੍ਰੇਮੀ
ਡਾਇਰੈਕਟਰ ਫੋਟੋਗ੍ਰਾਫੀ



ਹਰਪ੍ਰੀਤ ਸਿੰਘ ਹੈਪੀ
ਸਮਾਜ ਸੇਵਕ



ਅੰਮ੍ਰਿਤਪਾਲ ਸਿੰਘ
ਸਮਾਜ ਸੇਵਕ

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਦੀਵਾਲੀ ਅਤੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ



ਅਵਤਾਰ ਸਿੰਘ ਮਹਿਤਪੁਰੀ
ਜਨਰਲ ਸਕੱਤਰ
ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ

ਆਓ -ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਦੇ ਹੋਏ ਇਸ ਦੇ ਸਤਿਕਾਰ ਲਈ ਘਰ-ਘਰ ਪ੍ਰਚਾਰ ਕਰੀਏ ਅਤੇ ਆਪਣੇ ਘਰਾਂ ਤੋਂ ਹੀ ਸ਼ੁਰੂਆਤ ਕਰੀਏ।



ਬਹਾਦਰ ਸਿੰਘ ਗੋਸਲ
ਪ੍ਰਧਾਨ
ਵਿਸ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ



ਹਰਜਿੰਦਰ ਸਿੰਘ

Manjeet Singh 81466-50031 82838-40031
Harjinder Singh 98789-15288
M.H PROPERTIES
All GMADA Properties
PROPERTY CONSULTANT
Deals in : Sale & Purchase of Kothies, Plots, Flats & Agriculture Land in Mohali, Chandigarh, Kharar and Panchkula.
Shop No. 662, Vill. Mataur, Sector-70, Circular Road, Shiv Narain Mandir, Near Govt. High School, Mohali



ਮਨਜੀਤ ਸਿੰਘ

RAVI BUILDERS



4BHK Duplex
90 Gaj,100 Gaj,
110 Gaj, 125 Gaj
30ft wide road (GTB NAGAR KHARAR)
Bank loan available (from Govt. Banks)
Starting Demand Price 72 lakh
97794-90531, 84373-51005, 73555-55228



ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !



ਸੋਮਨਾਥ ਭੱਟ



ਸੁਰਿਦਰ ਸਿੰਘ ਰੋਪੜ



ਬਲਜਿੰਦਰ ਸਿੰਘ



ਜਸਬੀਰ ਸਿੰਘ



ਵਿਨੋਦ ਮਹਾਜਨ



ਧਰਮਪਾਲ ਸ਼ਰਮਾ



ਮੀਨੂੰ ਕਾਮਰਾ




ਮਮਤਾ



ਸੁਖਵੰਤ ਕੌਰ



ਮਮਤਾ ਗੌਤਮ



ਹਰਸ਼ਦੀਪ ਕੌਰ



ਮਿਨਾਕਸ਼ੀ ਕੌਸ਼ਲ



ਚੰਦਰਕਾਂਤਾ



ਸੁਚਿਤਾ ਤਿਵਾੜੀ

ਪਰਮ ਸੇਵਾ ਵੈੱਲਫੇਅਰ ਸੁਸਾਇਟੀ (ਪੰਜਾਬ) ਵੱਲੋਂ ਲੋੜਵੰਦ ਗਰੀਬ ਮਰੀਜ਼ਾਂ ਦੇ ਇਲਾਜ ਹਿੱਤ ਸੁਸਾਇਟੀ ਨਾਲ ਦਿਨ ਰਾਤ ਜੁੜੇ ਸਤਿਕਾਰਯੋਗ ਮੈਂਬਰਾਂ ਵੱਲੋਂ ਕੀਤੇ ਜਾ ਰਹੇ ਉਪਰਾਲੇ ਅਤੇ ਸਮਾਜ ਸੇਵਾ ਲਈ ਹਮੇਸ਼ਾ ਰਿਣੀ ਰਹਾਂਗੇ।
ਸੋਮਨਾਥ ਭੱਟ ਪ੍ਰਧਾਨ, ਸੁਰਜੀਤ ਸੁਮਨ ਜਨਰਲ ਸਕੱਤਰ





ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !



ਓਂਕਾਰ ਨਾਥ
ਕਨਵੀਨਰ, ਐਕਸ਼ਨ ਕਮੇਟੀ ਫਾਰ ਆਰ ਟੀ ਈ-2009 ਪੰਜਾਬ



ਕ੍ਰਿਪਾਲ ਸਿੰਘ
ਮੈਂਬਰ, ਐਕਸ਼ਨ ਕਮੇਟੀ ਫਾਰ ਆਰ ਟੀ ਈ-2009 ਪੰਜਾਬ

ਆਓ ! ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੇ ਪ੍ਰਾਈਵੇਟ ਸਕੂਲਾਂ ਵਿੱਚ ਦਾਖ਼ਲੇ ਅਤੇ ਉੱਤਮ ਸਿੱਖਿਆ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰੀਏ।

ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !



ਸ਼ਾਮ ਲਾਲ ਬਾਜਵਾ
98155-04657

ਘਰ ਦੀ ਰੌਣਕ



ਸੁਰਖਾਬ ਸਿੰਘ



ਗੁਰਮਨ ਕੌਰ



ਗੁਰਅੰਸ਼ ਸਿੰਘ

ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !




ਐਡਵੋਕੇਟ ਸੁਖਚਰਨ ਸਿੰਘ



ਜਸਬੀਰ ਸਿੰਘ PCS (R)

ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !



ਗੁਰਵਿੰਦਰ ਗੁਰੀ (ਗਾਇਕ)



ਅਮਰ ਵਿਰਦੀ ਗਾਇਕ

ਮਲਕੀਅਤ ਸਿੰਘ ਲੇਖਕ

LOSE / GAIN WEIGHT FROM HOME
ਵਜਨ ਪਟਾਯੇਂ / ਵਧਾਯੇਂ
ਆਪਨੇ BODY ਕੋ
ਜਸ ਚਾਹੇ SHAPE ਮੇਂ ਲਾਏਂ
CALL FOR FREE ONLINE COUNSELING
Sham Lal Bajwa
Wellness Coach
M. 9815504657
RESULTS STARTS WITHIN 3 DAYS
BAJWA WELLNESS CENTER MOHALI (PB.)

LOSE / GAIN WEIGHT FROM HOME
FREE BODY FAT CHECKUP
CALL FOR FREE ONLINE COUNSELING
Sham Lal Bajwa
Wellness Coach
M. 9815504657
Mohali (Pb.)
Follow us on bajwawellness

ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !

ਦਲਬੀਰ ਸਿੰਘ ਸਰੋਆ

ਪਰਮਜੀਤ ਮਾਨ

ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀ ਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !

ਜਗਪਾਲ ਸਿੰਘ IFS (R)

ਸ਼ਿਵ ਦੇਵ ਸਿੰਘ

ਪਿਆਰਾ ਸਿੰਘ ਰਾਹੀ

ਜਸਵਿੰਦਰ ਕਾਈਨੌਰ

ਗੌਸ਼ਨੀਆਂ ਦੇ ਤਿਉਹਾਰ ਦੀਵਾਲੀ, ਬੰਦੀਛੋੜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਬਹੁਤ-ਬਹੁਤ ਮੁਬਾਰਕਾਂ !

ਇੰਜ. ਜਸਪਾਲ ਸਿੰਘ ਦੇਸੂਵੀ

ਤਰਸੇਮ ਬਸ਼ਰ

ਖੁਸ਼ੀ ਰਾਮ ਨਿਮਾਣਾ



ਦੀਵਾਲੀ, ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਭਗਤਾ ਭਾਈ ਵਿਸ਼ੇਸ਼ ਸਪਲੀਮੈਂਟ



ਮੈਂ ਸਾਰੇ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।
ਰਾਜੀਵ ਗੋਇਲ
ਪੱਤਰਕਾਰ ਬਠਿੰਡਾ/ਭਗਤਾ ਭਾਈ (97794-00594)








ਕਾਂਗਰਸ ਹਾਈ ਕਮਾਂਡ ਅਤੇ ਗੁਰਪ੍ਰੀਤ ਸਿੰਘ ਕਾਂਗੜ ਦੀ ਸਮੂਹ ਟੀਮ ਵੱਲੋਂ ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ

ਲੱਖ-ਲੱਖ ਵਧਾਈਆਂ





ਬੂਟਾ ਸਿੰਘ ਸਿੱਧੂ
ਸੀਨੀਅਰ ਕਾਂਗਰਸੀ ਆਗੂ



ਲਖਵੀਰ ਸਿੰਘ ਸਿੱਧੂ
ਸੀਨੀ. ਵਾਇਸ ਪ੍ਰਧਾਨ ਨਗਰ ਪੰਚਾਇਤ ਭਗਤਾ



ਇੰਦਰਜੀਤ ਨਾਗਪਾਲ
ਸੀਨੀਅਰ ਕਾਂਗਰਸੀ ਆਗੂ



ਜਗਜੀਤ ਸਿੰਘ
ਸੀਨੀਅਰ ਕਾਂਗਰਸੀ ਆਗੂ



ਜਸਮੀਤ ਸਿੰਘ ਬਰਾੜ
ਸੀਨੀਅਰ ਕਾਂਗਰਸੀ ਆਗੂ



ਰਾਜਵਿੰਦਰ ਸਿੰਘ ਰਾਜਾ
ਸੀਨੀਅਰ ਕਾਂਗਰਸੀ ਆਗੂ



ਸ਼ੰਮਾ ਸਿੱਧੂ
ਸੀਨੀਅਰ ਕਾਂਗਰਸੀ ਆਗੂ



ਤੀਰਥ ਸਿੱਧੂ
ਸੀਨੀਅਰ ਕਾਂਗਰਸੀ ਆਗੂ



ਪਰਮਜੀਤ ਬਿਦਰ
ਸੀਨੀ. ਕਾਂਗਰਸੀ ਆਗੂ



ਪਰਮਿੰਦਰ ਸਿੰਘ
ਸਾਬਕਾ ਸਰਪੰਚ



ਇੰਦਰਜੀਤ ਸਿੰਘ
ਸਾਬਕਾ ਸਰਪੰਚ



ਗੁਰਮੇਲ ਸਿੰਘ
ਕਾਂਗਰਸੀ ਆਗੂ



ਨਛੱਤਰ ਸਿੰਘ
ਕਾਂਗਰਸੀ ਆਗੂ



ਰਾਜਿੰਦਰ ਸਿੰਘ
ਸਾਬਕਾ ਸਰਪੰਚ



ਬੂਟਾ ਸਿੰਘ
ਕਾਂਗਰਸੀ ਆਗੂ



ਨਾਇਬ ਸਿੰਘ
ਕਾਂਗਰਸੀ ਆਗੂ



ਕੁਲਦੀਪ ਸਿੰਘ
ਕਾਂਗਰਸੀ ਆਗੂ



ਸੁਰਿੰਦਰ ਕੁਮਾਰ
ਕਾਂਗਰਸੀ ਆਗੂ



ਗੁਰਮੀਤ ਸਿੰਘ
ਕਾਂਗਰਸੀ ਆਗੂ



ਦੀਵਾਲੀ, ਗੁਰਪੁਰਬ ਮੌਕੇ ਭਗਤਾ ਭਾਈ ਤੋਂ ਰਾਜੀਵ ਗੋਇਲ ਵੱਲੋਂ ਸਪਲੀਮੈਂਟ



ਮੈਂ ਸਾਰੇ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।
ਰਾਜੀਵ ਗੋਇਲ
ਪੱਤਰਕਾਰ ਬਠਿੰਡਾ/ਭਗਤਾ ਭਾਈ (97794-00594)



ਇੰਦਰਜੀਤ ਸਿੰਘ ਮਾਨ
ਚੇਅਰਮੈਨ ਮਾਰਕਫੈਡ ਪੰਜਾਬ
ਸੀਨੀ. ਆਗੂ ਹਲਕਾ ਰਾਮਪੁਰਾਫੂਲ









AAP
AAM AADMI PARTY



ਜਗਸੀਰ ਪੰਨੂ
ਪ੍ਰਧਾਨ ਨਗਰ ਪੰਚਾਇਤ ਭਗਤਾ



ਕੁਨਾਲ ਗਰਗ



ਰਣਧੀਰ ਸਿੰਘ ਧੀਰਾ



ਰਾਜਵਿੰਦਰ ਸਿੰਘ

ਹਲਕਾ ਰਾਮਪੁਰਾਫੂਲ ਦੇ ਸਮੂਹ ਆਮ ਆਦਮੀ ਪਾਰਟੀ ਵਰਕਰਾਂ ਵੱਲੋਂ ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਦੀਪਕ ਸ਼ਰਮਾ ਸਰਪੰਚ
ਰਾਜਗੜ੍ਹ



ਬੂਟਾ ਸਿੰਘ ਜਲਾਲ
ਚੇਅਰਮੈਨ ਮਾਰਕੀਟ ਕਮੇਟੀ
ਭਗਤਾ ਭਾਈਕਾ











ਹਲਕਾ ਬਾਘਾਪੁਰਾਣਾ ਦੇ ਸਮੂਹ ਕਾਂਗਰਸ ਵਰਕਰਾਂ ਵੱਲੋਂ ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਕੁਲਵੰਤ ਸਿੰਘ ਮਨੂੰਕਾ
ਸੇਵਾਦਾਰ ਹਲਕਾ ਬਾਘਾਪੁਰਾਣਾ



ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਜਸਪਾਲ ਸਿੰਘ ਵੜੈਚ
ਯੂਥ ਆਗੂ ਸ਼੍ਰੋਮਣੀ ਅਕਾਲੀ ਦਲ ਪੰਜਾਬ



ਗਗਨਦੀਪ ਗਰੇਵਾਲ
ਸਾਬਕਾ ਚੇਅਰਮੈਨ



ਹਰਦੇਵ ਸਿੰਘ ਗੋਗੀ ਬਰਾੜ
ਅਕਾਲੀ ਆਗੂ



ਨਿਰਮਲ ਸਿੰਘ ਹੁੰਜਨ
ਮੁੱਖ ਸੇਵਾਦਾਰ ਗੁ. ਬਾਬਾ ਵਿਸ਼ਵਕਰਮਾ ਸਾਹਿਬ





ਅਜੈ ਅਰੋੜਾ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਜਸਵੀਰ ਸ਼ਰਮਾ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ

BAJAJ
AUTHORISED SERVICE CENTRE
ਜਲਾਲ ਮੋਟਰਜ਼
JALAL MOTORS



ਖੁਸ਼ਹਾਲ ਸਪਰੇਅ ਕੰਪਨੀ ਜਲਾਲ

ਜਲਾਲ ਮੋਟਰਜ਼ ਭਗਤਾ ਭਾਈਕਾ

ਵਿਕਟੋਰੀਆ ਰਿਜ਼ੋਰਟ ਜਲਾਲ

ਬੂਟਾ ਸਿੰਘ ਆੜ੍ਹਤੀਆ
ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈਕਾ


ਸੰਪਰਕ : 98767-53575, 97797-48238



ਦੀਵਾਲੀ, ਗੁਰਪੁਰਬ ਮੌਕੇ ਭਗਤਾ ਭਾਈ ਤੋਂ ਰਾਜੀਵ ਗੋਇਲ ਵੱਲੋਂ ਸਪਲੀਮੈਂਟ



ਮੈਂ ਸਾਰੇ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।
ਰਾਜੀਵ ਗੋਇਲ
ਪੱਤਰਕਾਰ ਬਠਿੰਡਾ/ਭਗਤਾ ਭਾਈ (97794-00594)



ਮੌਡਰਨ ਗੈਸ ਏਜੰਸੀ
ਭਗਤਾ ਭਾਈਕਾ


ਰਾਜੀਵ ਰਾਜਨ


ਸੁਖਮਿੰਦਰ ਕੌਰ

- ਤੁਰੰਤ ਨਵਾਂ ਕੁਨੈਕਸ਼ਨ
- 50 ਫੀਸਦੀ ਹਲਕਾ ਸਿਲੰਡਰ
- 4 ਘੰਟੇ 'ਚ ਡਿਲਵਰੀ
- ਬਿਹਤਰ ਸੁਰੱਖਿਆ
- ਗੈਸ ਲੈਵਲ ਇੰਡੀਕੇਸ਼ਨ



ਬੁਕਿੰਗ ਲਈ ਸੰਪਰਕ ਨੰ.
98552-20066


ਅਜਾਇਬ ਸਿੰਘ ਸਰਪੰਚ
ਪਿੰਡ ਹਮੀਰਗੜ੍ਹ

ਸਮੂਹ ਗਰਾਮ ਪੰਚਾਇਤ ਪਿੰਡ ਹਮੀਰਗੜ੍ਹ ਵੱਲੋਂ
ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ
ਲੱਖ-ਲੱਖ ਵਧਾਈਆਂ

ਭਗਤਾ ਭਾਈਕਾ ਦੇ ਸਮੂਹ ਵਪਾਰ ਮੰਡਲ ਵੱਲੋਂ ਆਪ ਸਭ ਨੂੰ ਦੀਵਾਲੀ,
ਬੰਦੀਛੋੜ ਦਿਵਸ ਅਤੇ ਗੁਰਪੁਰਬ ਦੀਆਂ ਲੱਖ ਲੱਖ ਮੁਬਾਰਕਾਂ

ਜਤਿੰਦਰ ਕੁਮਾਰ ਸ਼ੈਂਕੀ ਗੋਇਲ
ਪ੍ਰਧਾਨ ਯੂਥ ਵਪਾਰ ਵਿੰਗ ਭਗਤਾ ਭਾਈਕਾ





ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ
ਲੱਖ-ਲੱਖ ਵਧਾਈਆਂ

ਜਥੇ. ਫੁੰਮਣ ਸਿੰਘ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ


ਸੁਮਿਤ ਸਾਗਰ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਸੰਦੀਪ ਆਇਰਨ ਐਂਡ ਹਾਰਡਵੇਅਰ ਸਟੋਰ
ਕੋਠਾਗੁਰੂ ਰੋਡ, ਭਗਤਾ ਭਾਈਕਾ
ਇੱਥੇ ਹਰ ਤਰ੍ਹਾਂ ਦਾ ਹਾਰਡਵੇਅਰ, ਸੈਂਨਟਰੀ ਦਾ ਸਮਾਨ, ਰੰਗ ਰੋਗਨ,
ਹਰ ਤਰ੍ਹਾਂ ਦੀ ਟਾਇਲ ਬਾਜ਼ਾਰ ਨਾਲੋਂ ਸਸਤੇ ਰੇਟਾਂ 'ਤੇ ਮਿਲਦੀ ਹੈ।
ਰਾਜ ਕੁਮਾਰ ਰਾਜੂ
ਸੰਪਰਕ : 98721-16011, 98725-30556

ਦਿਆਲਪੁਰਾ ਮਿਰਜਾ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਵੱਲੋਂ ਦੀਵਾਲੀ ਅਤੇ
ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ


ਸੁਰਿੰਦਰ ਕੌਰ
ਸਰਪੰਚ, ਦਿਆਲਪੁਰਾ ਮਿਰਜ਼ਾ

ਵੱਲੋਂ :
ਗੁਰਸੇਵਕ ਸਿੰਘ ਸੋਨੀ
ਦਿਆਲਪੁਰਾ ਮਿਰਜ਼ਾ


ਗੁਰਸੇਵਕ ਸਿੰਘ ਸੋਨੀ



ਦੀਵਾਲੀ, ਬੰਦੀਛੋੜ ਅਤੇ
ਗੁਰਪੁਰਬ ਦਿਵਸ ਦੀਆਂ
ਲੱਖ-ਲੱਖ ਮੁਬਾਰਕਾਂ

ਵਿਜੈ ਕੁਮਾਰ ਪੱਪੂ
ਪ੍ਰਧਾਨ ਆੜ੍ਹਤੀਆ ਯੂਨੀਅਨ ਭਗਤਾ ਭਾਈਕਾ





ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ
ਰਾਜਿੰਦਰਾ ਗਾਰਮੈਂਟਸ
ਭਗਤਾ ਭਾਈਕਾ
ਇੱਥੇ ਹਰ ਤਰ੍ਹਾਂ ਦਾ ਜੈਂਟਸ, ਲੇਡੀਜ਼ ਅਤੇ ਬੱਚਿਆਂ
ਦਾ ਗਾਰਮੈਂਟਸ ਦਾ ਸਮਾਨ ਮਿਲਦਾ ਹੈ।
ਅਰਵਿੰਦ ਕੁਮਾਰ ਨਾਨੂੰ


ਨਛੱਤਰ ਸਿੱਧੂ | ਮਨਦੀਪ ਸਿੰਘ | ਦਵਿੰਦਰ ਪੁਰੀ | ਜਗਮੋਹਨ ਸਿੰਘ | ਜਸਵਿੰਦਰ ਸਿੰਘ | ਜਗਤਾਰ ਸਿੰਘ


ਕੁਲਤਾਰ ਸਿੰਘ | ਹਨੀ ਗਰਗ | ਵਿਸ਼ਵ ਸਿੰਗਲਾ | ਵਿਮਲ ਗਰਗ | ਮਹਿੰਦਰ ਪਾਲ ਆਪਣੇ ਪਰਵਾਰ ਨਾਲ



ਵਰਮਾ ਕਰਿਆਨਾ ਸਟੋਰ
ਹਰਗੋਪਾਲ ਵਰਮਾ ਅਤੇ ਸਮੂਹ ਪਰਵਾਰ ਵੱਲੋਂ
ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ
ਦੀਆਂ ਲੱਖ-ਲੱਖ ਮੁਬਾਰਕਾਂ
ਰਮਨਦੀਪ ਵਰਮਾ

ਦੀਵਾਲੀ, ਬੰਦੀਛੋੜ ਅਤੇ
ਗੁਰਪੁਰਬ ਦਿਵਸ ਦੀਆਂ
ਲੱਖ-ਲੱਖ ਮੁਬਾਰਕਾਂ

ਪ੍ਰਿਸ ਗੋਲਣ
ਕੌਂਸਲਰ ਭੁੱਚੋ ਮੰਡੀ



ਮੋਹਨ ਅਗਰਵਾਲ ਵੱਲੋਂ ਬੰਦੀ ਛੋੜ ਦਿਵਸ ਅਤੇ ਦੀਵਾਲੀ ਮੌਕੇ ਕੁਰਾਲੀ, ਮਾਜਰੀ ਤੋਂ ਵਿਸ਼ੇਸ਼ ਸਪਲੀਮੈਂਟ

ਸੰਦੇਸ਼



ਦੀਵਾਲੀ ਸਾਨੂੰ ਹਨੇਰੇ ਤੋਂ ਚਾਨਣ, ਨਿਰਾਸ਼ਾ ਤੋਂ ਆਸ ਅਤੇ ਅਗਿਆਨਤਾ ਤੋਂ ਗਿਆਨ ਵੱਲ ਵਧਣ ਦਾ ਸੰਦੇਸ਼ ਦਿੰਦੀ ਹੈ। ਚਾਨਣ ਦਾ ਇਹ ਤਿਉਹਾਰ ਸਾਨੂੰ ਗਿਆਨ, ਸਿੱਖਿਆ ਅਤੇ ਸਕਾਰਾਤਮਕ ਸੋਚ ਦੀ ਰੌਸ਼ਨੀ ਨਾਲ ਜੀਵਨ ਨੂੰ ਜਗਮਗਾਉਣ ਦੀ ਪ੍ਰੇਰਨਾ ਦਿੰਦਾ ਹੈ। ਆਓ, ਇਸ ਪਵਿੱਤਰ ਤਿਉਹਾਰ 'ਤੇ ਸਮਾਜ ਵਿੱਚ ਪਿਆਰ, ਭਾਈਚਾਰੇ ਅਤੇ ਆਪਸੀ ਸਾਂਝ ਦੀ ਜੋਤ ਜਗਾਈਏ। ਇਹ ਤਿਉਹਾਰ ਸਭ ਦੇ ਜੀਵਨ ਵਿੱਚ ਨਵੀਆਂ ਸੰਭਾਵਨਾਵਾਂ ਅਤੇ ਤਰੱਕੀ ਦੇ ਰਾਹ ਖੋਲ੍ਹੇ।

ਗੁਰਵਿੰਦਰ ਸਿੰਘ ਬਾਹਰਾ, ਚੇਅਰਮੈਨ, ਰਿਆਤ ਬਾਹਰਾ ਗਰੁੱਪ
ਚਾਂਸਲਰ, ਰਿਆਤ ਬਾਹਰਾ ਯੂਨੀਵਰਸਿਟੀ
ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਹੁਸ਼ਿਆਰਪੁਰ
ਬਾਹਰਾ ਯੂਨੀਵਰਸਿਟੀ ਸ਼ਿਮਲਾ (ਵਕਨਾਘਟ) ਐਂਚ ਪੀ

NATIONAL PUBLIC SCHOOL KURALI
(Affiliated to CBSE, New Delhi)
Education Today... A Better Tomorrow
100% CBSE RESULT Our Pride Our Students
Wishing you all a very Happy Diwali
May the festival of lights bring happiness, prosperity and peace to your home and heart.
Our Latest Facilities
AC Campus
AC Transportation
RO Water Facility
Solar Panel
Latest Learning Aids
Digital Classrooms
Modern Science & Computer Labs
Sports Facilities
NCC Programme
NSS Programme
Activity Based Learning
ADMISSION OPEN for Session 2027 - 28
8699092081
Smt Santosh Sharma, Chairperson
Mr Aman Sharma, Manager

RAYAT BAHRA UNIVERSITY NAAC ACCREDITED
ASPIRATIONS TO REALITY
Happy Diwali
Festival Of Lights
This Diwali Let Knowledge Shine and Dreams Take Flight
1.25 CR Highest Package Offered
50 CR Total Scholarships Awarded
8100+ Jobs Offered
100000+ Alumni
2000+ Research Publications
500+ Research Fellows
150+ PROGRAMS OFFERED
ENGINEERING & TECHNOLOGY: M.Tech | B.Tech | PG Diploma | Diploma
MANAGEMENT: MBA | BBA | PG Diploma | Diploma
COMPUTER APPLICATIONS: M.Sc/B.Sc-IT | MCA | BCA | PGDCA
COMMERCE: M.Com | B.Com-Hons.
LAW: LLM | LLB | B.A.-LLB | B.Com.-LLB | BBA-LLB | PG Diploma
TOURISM, AIRLINES & HOTEL MGT.: MBA | M.Sc | B.Sc | PG Diploma | B.HM | B.HMCT | Diploma | B.Vocational
FASHION & COMM. TECHNOLOGY: MBA | M.Sc | B.Sc | UG/PG Diploma
AGRICULTURE SCIENCES: M.Sc | B.Sc Hons. | B. Vocational | Diploma
NUTRIGENETICS AND PERSONALISED NUTRITION: M.Sc | B.Sc | PG Diploma
EMBRYOLOGY: M.Sc | B.Sc - Clinical Embryology
SOCIAL SCIENCES: MA | BA | PG Diploma
PHARMACEUTICAL SCIENCES: M.Pharm | M.Sc | B.Pharm (Practice) | B.Pharm | D.Pharm | Pharm D
PHYSIOTHERAPY: M.PT | B.PT
ALLIED HEALTH SCIENCES: M.Sc | B.Sc | PG Diploma | Diploma
PHYSICAL & LIFE SCIENCES: M.Sc | B.Sc | PG Diploma
ANIMATION ART & DESIGN: B.Des | B.Sc | M.Des
EDUCATION: M.Ed | B.Ed | B.A.-B.Ed | B.SC-B.Ed
NURSING SCIENCES*: B.Sc | GNM(Diploma)
DENTAL SCIENCES*: B.D.S
*Affiliated to BFUHS, Faridkot
Admission Helpline 98888-06027 | 97800-40777
www.rbuchd.in
Chandigarh – Ropar NH 205, Mohali, Punjab

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈਆਂ

AGGARWAL TRADERS



ਇਲਾਕਾ ਨਿਵਾਸੀਆਂ ਨੂੰ ਦੀਵਾਲੀ, ਬੰਦੀ ਛੋੜ ਦਿਵਸ ਤੇ ਵਿਸ਼ਵਕਰਮਾ ਦਿਵਸ ਦੀ ਲੱਖ ਲੱਖ ਵਧਾਈ



ਸਿਆਲਬਾ ਰੋਡ, ਬਲਾਕ ਮਾਜਰੀ, ਨੇੜੇ ਪੁਲਿਸ ਥਾਣਾ, ਮਾਜਰੀ, ਮੋ. 8284898009, 9463729001

ਧੰਨਵਾਦ


Mohan Aggarwal

ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਦੋਸਤਾਂ, ਮਿੱਤਰਾਂ ਅਤੇ ਇਸ਼ਤਿਹਾਰ ਦੇਣ ਵਾਲਿਆਂ ਦਾ ਜਿਨ੍ਹਾਂ ਨੇ ਮੈਨੂੰ ਬੰਦੀ ਛੋੜ ਦਿਵਸ ਅਤੇ


Naman Aggarwal

ਦੀਵਾਲੀ ਮੌਕੇ ਸਪਲੀਮੈਂਟ ਕੱਢਣ ਵਿਚ ਭਰਪੂਰ ਸਹਿਯੋਗ ਦਿੱਤਾ। ਉਮੀਦ ਹੈ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ।

ਸਮੂਹ ਦੇਸ਼ ਵਾਸੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ
ਜੋਸ਼ ਕਾ ਹੋਸ਼ ਮੇਰਾ SWARAJ

DAV MODEL SR. SEC. SCHOOL
(AFFILIATED TO C.B.S.E. NEW DELHI, AFF. NO. 1631095)
KNOWN FOR ACADEMIC EXCELLENCE
WISHES
HAPPY DIWALI
0160-2640154
KURALI (S.A.S NAGAR)
www.davkurali.in
MR. PANKAJ BOYAL CHAIRMAN
MR. BITTU KHULLAR MANAGER
MR. J.R. SHARMA PRINCIPAL M. 98158-28752

INTERNATIONAL PUBLIC SCHOOL KURALI
(Affiliated to C.B. S. E., New Delhi)
FIT INDIA SCHOOL
ADMISSIONS FOR SESSION 2027-28 ARE OPEN FOR ALL CLASSES
For more information, contact the school office on weekdays from 9:00a.m. to 3:00p.m.
Address: Paprali /IPS Road, Kurali, Dist. Mohali
E-mail: ips_kurali@yahoo.co.in , Phones: 9814369621, 9814368629
THE MANAGEMENT, STAFF AND STUDENTS OF IPS KURALI WISH A HAPPY & SAFE DIWALI TO ALL.
A.K.KAUSHAL DIRECTOR
P.SANGER PRINCIPAL

PRABH AASRA (HOME FOR HELPLESS / DESTITUTE)
ਪ੍ਰਭ ਆਸਰਾ ਚੈਰੀਟੇਬਲ ਮੈਡੀਕਲ ਹਸਪਤਾਲ
NH-205, ਚਨਾਲੋਂ, ਕੁਰਾਲੀ, ਪੰਜਾਬ – 140103
ਜਲਦ ਹੀ ਸ਼ੁਰੂ ਹੋਣ ਜਾ ਰਹੀ ਹੈ CT Scan ਦੀ ਸਹੂਲਤ !
ਓ.ਪੀ.ਡੀ., ਆਈ.ਪੀ.ਡੀ. ਅਤੇ ਓ.ਟੀ. ਸੇਵਾਵਾਂ
ਉਪਲਬਧ ਵਿਭਾਗ:
- ਜੱਚਾ-ਬੱਚਾ ਵਿਭਾਗ
- ਅੱਖਾਂ ਦਾ ਵਿਭਾਗ
- ਹੱਡੀਆਂ ਦਾ ਵਿਭਾਗ
- ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ
- ਦੰਦਾਂ ਦਾ ਵਿਭਾਗ
- ਕੰਨ, ਨੱਕ ਅਤੇ ਗਲੇ ਦਾ ਵਿਭਾਗ (ENT)
- ਜ਼ਨਰਲ ਸਰਜਰੀ ਵਿਭਾਗ
- ਯੂਰੋਲੋਜੀ ਦਾ ਵਿਭਾਗ
- ਮੈਡੀਸਨ ਵਿਭਾਗ (ਦਿਲ ਅਤੇ ਛਾਤੀ ਦੇ ਰੋਗ)
- ਮਾਨਸਿਕ ਰੋਗਾਂ ਦਾ ਵਿਭਾਗ
- ਚਮੜੀ ਰੋਗਾਂ ਦਾ ਵਿਭਾਗ
- ਬੱਚਿਆਂ ਦਾ ਵਿਭਾਗ
- ਫਿਜ਼ੀਓਥੈਰੇਪੀ ਵਿਭਾਗ
ਹੋਰ ਵਿਸ਼ੇਸ਼ ਸਹੂਲਤਾਂ
24/7 24 ਘੰਟੇ ਐਮਰਜੈਂਸੀ ਸੇਵਾ
ਐਂਬੂਲੈਂਸ ਸੇਵਾ
24 ਘੰਟੇ ਫਾਰਮੇਸੀ
ICU, NICU ਅਤੇ PICU ਦੀਆਂ ਸਹੂਲਤਾਂ
ਲੈਬ ਟੈਸਟ (Lab Tests)
ਐਕਸ-ਰੇ (X-Ray)
ਅਲਟਰਾਸਾਊਂਡ (Ultrasound)
ਈ.ਸੀ.ਜੀ. (ECG)
ਸਿਰਫ਼ ₹50 ਦੀ ਪਰਚੀ ਨਾਲ
ਸਪੈਸ਼ਲਿਸਟ ਅਤੇ ਸੁਪਰ ਸਪੈਸ਼ਲਿਸਟ ਡਾਕਟਰਾਂ ਕੋਲੋਂ ਚੈਕਅੱਪ ਕਰਵਾਓ।
0160-5002582 | 8288034556 | Website: www.prabhaasra.org

ਸਮੂਹ ਦੇਸ਼ ਵਾਸੀਆਂ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ
ਗੁਰਪ੍ਰਤਾਪ ਸਿੰਘ ਪੜਿਆਲਾ ਖੇਡ ਪ੍ਰਮੋਟਰਜ਼ ਅਤੇ ਸਮਾਜ ਸੇਵੀ

ਦੀਵਾਲੀ ਮੌਕੇ ਦਸੂਹਾ ਵਿਸ਼ੇਸ਼ ਸਪਲੀਮੈਂਟ

VIJAY MALL DASUYA
Lehenga Choli
Dress & Sharara
Plazo Suit
Designer Coats
Sherwani
Kids Wear
Handloom Collection
Banquet Hall
Food Court
ਮੁੰਡਾ ਕੁੜੀ ਤੁਹਾਡਾ, ਬਾਕੀ ਸਭ ਕੁੱਝ ਸਾਡਾ
VIJAY MALL, VIJAY MARKET, DASUYA
70094-27754 | 83607-28760

ਹਲਕਾ ਦਸੂਹਾ ਦੇ ਸਮੂਹ ਵਾਸੀਆਂ ਨੂੰ
ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਸਵ. ਅਮਰਜੀਤ ਸਿੰਘ ਸਾਹੀ
ਸਾਬਕਾ ਵਿਧਾਇਕ ਅਤੇ ਸੰਸਦੀ ਸਕੱਤਰ, ਪੰਜਾਬ ਸਰਕਾਰ
ਦੀਆਂ ਲੱਖ-ਲੱਖ ਵਧਾਈਆਂ!
ਡਾ. ਹਰਸਿਮਰਤ ਸਿੰਘ ਸਾਹੀ
ਸੂਬਾ ਕਾਰਜਕਾਰੀ ਮੈਂਬਰ, ਭਾਜਪਾ ਪੰਜਾਬ

ਸਮੂਹ ਦੇਸ਼-ਵਿਦੇਸ਼ ਵਿੱਚ ਵਸਦੇ ਭਾਰਤੀਆਂ ਨੂੰ
ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ, ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ-ਦਿਵਸ ਦੀਆਂ ਲੱਖ-ਲੱਖ ਵਧਾਈਆਂ
MLA ਉਮੀਦਵਾਰ, ਹਲਕਾ ਦਸੂਹਾ
ਸਮਾਜ ਸੇਵੀ ਅੰਤਰ ਰਾਸ਼ਟਰੀ ਪਹਿਲਵਾਨ
ਨਿਰਮਲ ਸਿੰਘ ਆਸਡਪੁਰ
M.94171-64079

ਦੀਵਾਲੀ, ਵਿਸ਼ਵਕਰਮਾ ਦਿਵਸ ਤੇ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ
ਇੱਕ-ਇੱਕ ਮੰਗ ਪੁਰਾਣੀ ਪੈਨਸ਼ਨ ਬਹਾਲ ਕਰੋ


ਜਸਬੀਰ ਤਲਵਾੜਾ, ਪੰਜਾਬ ਪ੍ਰਧਾਨ


ਜਸਵੀਰ ਸਿੰਘ ਬੇਦਲ, ਆਗੂ


ਉਮੇਸ਼ ਕੁਮਾਰ, ਆਗੂ


ਇੰਸ. ਗੁਰਕਿਰਪਾਲ ਸਿੰਘ ਬੇਦਲ, ਆਗੂ


ਰਾਜੇਸ਼ ਅਰੋੜਾ, ਆਗੂ

ਵੱਲੋਂ : ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦਸੂਹਾ



Amrik Singh Cricket Cheema Memorial League
LIVE COVERAGE
ਟੀ20 ਲੈਦਰ ਫਾਰਮੈਟ
ਮਿਤੀ 4th ਨਵੰਬਰ ਤੋਂ 11th ਨਵੰਬਰ 2026
ਥਿਊ : ਪੰਚਾਇਤ ਸਮਿਤੀ ਸਟੇਡੀਅਮ, ਕ੍ਰਿਸ਼ਨਾ ਕਾਲੋਨੀ ਦੇ ਸਾਹਮਣੇ, ਦਸੂਹਾ
8 ਟੀਮਾਂ ਹੋਸ਼ਿਆਰਪੁਰ, ਗੁਰਦਾਸਪੁਰ, ਪਠਾਨਕੋਟ, ਤਲਵਾੜਾ, ਦਸੂਹਾ, ਟਾਂਡਾ, ਗੜਦੀਵਾਲਾ, ਚਿਨੌਰ
ਨਕਦ ਇਨਾਮ 51,000/-
ਜੇਤੂ 21,000 | ਉਪ-ਜੇਤੂ 11,000/-
ਸੀਰੀਜ਼ ਦਾ ਸਰਵੋਤਮ ਖਿਡਾਰੀ Branded Geared Cycle
ਸਰਵੋਤਮ ਗੇਂਦਬਾਜ਼ Geyser
ਸਰਵੋਤਮ ਅਕੈਡਮੀ / ਕੋਚ Smart LED
Organised by: Milan Singh Cheema (9814849449)
President: Engr. W.S. Cheema Educational Welfare Society (Regd. 2016)
Doaba Institute of I.T. & Management (Estd. 1999)
in Association with Lions Club Dasuya

देश-विदेश में बैठे समूह भारत वासियों को दीपावली के पावन पर्व की हार्दिक शुभकामनाएं एवं बधाई
एडवोकेट पुनीत बस्सी तथा मैनेजर स्वर्गधाम (दसूहा)



ਕਲਾਸੀਫਾਈਡ ਇਸ਼ਤਿਹਾਰ

Change of Name

I, Ramanpreet Kaur, D/O Daljit Singh, R/O VPO Dhunda, Tehsil Khadoor Sahib, District Tarn Taran, Punjab, Have Changed My Name To Ramanpreet Kaur Buttar And Shall Hereafter Be Known By My New Name For All Purposes.

I Majer Singh S/o Mohinder Singh R/o vill Taragarh, PO: Dharamkot Bagga Teh. Batala, Distt. Gurdaspur. I have changed my name from Major Singh to Majer Singh. Please concerned note.

I, Harmandeep Singh S/o Manjit Singh R/o W.No. 6, Dera Khunian Da, Majitha, PO Majitha, Distt. Amritsar, Punjab-143601 have changed my name from Harmandeep Singh to Singh is my surname and Harmandeep is my given name.

Change of Name

I, Sita W/o Pawan Kumar R/o H.No. 161/5, Khatik Mandi, Vill. Pargpur, Jalandhar, Punjab declare that Parveen as well as Sita is one and the same person. All concerned please note.

I hitherto known as ABHISHEK S/O HARDEV LAL. R/o Village Dala, PO. Raipur Peer Bux Wala, District Kapurthala, Punjab-144804, have changed my name and shall hereafter be known as ABHISHEK KUMAR.

I, Taniya Sharma d/o Vinod Kumar & w/o Sada Sukh Pawan Singh Dhillon r/o H.No.74, Paschim Vihar, Backside Verka Milk Plant, Jalandhar, Punjab have changed my surname from Taniya Sharma to Taniya Dhillon, After Marriage. All Please Note.

I, Gurdev Kumar S/o Ram Pal R/o VPO Chak Sadhu, Distt. Hoshiarpur, 146001, Punjab, declare that my surname is Kumar and my given name is Gurdev. Concerned note.

I, Gursahib Singh S/o Paramjeet Singh R/o Talwandi Dasaundha Singh, Kathunangal, Distt. Amritsar, Punjab-143502 have changed my name from Gursahib Singh to Singh is my surname and Gursahib is my given name.

I, Jaspreet Grewal D/o Manjit Singh Grewal R/o H. No. H.no. 58, Rajinder Nagar, Near New Courts, Jalandhar - 144001, Punjab have changed my name from Jaspreet Grewal to Jaspreet Kaur Grewal. All concerned please note.

I, Arpat Kumar alias Arpit Kumar Karwal S/o Harminder Kumar R/o H. No. 128/A, Dhilwan, New Ganesh Nagar, PO. Dakoha, Distt. Jalandhar - 144023, Punjab have changed my name from Arpat Kumar alias Arpit Kumar Karwal to Arpit. All concerned please note.

I, Anuraj S/o Suraj Lal R/o 170/202, Vikas Nagar Gali No 8, Near Gurdwara Kalgidhar, Ghanupur Chheharta, District Amritsar Punjab-143005 have changed my name from Anuraj to Anuraj Yadav

I, Damanpreet Kaur D/o Harjit Singh R/o Vill Umra Nangal Tehsil And PO Baba Bakala, Amritsar Punjab-143202 have declare that Damanpreet is my Given name and Kaur is my Surname

I, Daljeet Singh S/o Harjit Singh R/o Village Umra Nangal, Tehsil & PO Baba Bakala Sahib, Amritsar Punjab-143202 have declare that Daljeet is my Given name and Singh is my Surname

I, Harwinder Singh son of Sital Singh R/o Village Boparai Khurd Amritsar have declare that Harwinder is my Given name and Singh is my Surname.

I Gurlal Singh S/o Amrik Singh R/o Vill Massanian PO Manko Distt. Jalandhar Punjab. Inform that my given name is Gurlal and surname is Singh.

I, Balbir Kaur D/o Dev Raj W/o Balwinder Kumar R/o H.No.251, Bulandpur, Industrial Town, Jalandhar, Punjab-144004 have changed my name from Balbir Kaur to Balvir Kaur. All Please Note.

I, Munish S/o Bittu R/o H.No. 1276/11, Bootan Pind, Jalandhar, Punjab have changed my name from Munish to Manish Behal. All Please Note.

I, Varun s/o Shiv Shankar r/o H.No.24L/10, Shaheed Babu Labh Singh Nagar, Jalandhar have changed my name from Varun to Varun Sharma. All Please Note.

I, Amrik Singh s/o Rajinder Singh r/o Village Bahga, Tehsil Dasuya, Hoshiarpur, Punjab have changed my name to Given name as Amrik & Surname as Singh. All Please Note.

I, Rajni Kumari W/o Ranjit Singh R/o H.No. BX-1392, Street No. 11, Ajit Nagar, Jalandhar, Punjab declare that Rajni Kumari and Rajni both names are one and the same person. All concerned please note.

I, Gurbhej Singh S/o Harjinder Singh R/o Vill. Samrawan, Distt Gurdaspur, Punjab have changed my name from Gurbhej Singh to Given Name Gurbhej & Surname as Singh. Please Note.

ਬੇਦਖਲੀ ਨੋਟਿਸ

ਮੈਂ ਸ੍ਰੀਮਤੀ ਨਿੰਦਰ ਅਧਾਰ ਨੰਬਰ 8063-9584-3566 ਵਿਧਵਾ ਰੂਪ ਮਸੀਹ ਵਾਸੀ ਪਿੰਡ ਢੀਂਡਸਾ ਤਹਿਸੀਲ ਵਾ ਜਿਲਾ ਗੁਰਦਾਸਪੁਰ ਦੀ ਰਹਿਣ ਵਾਲੀ ਹਾਂ ਮੈਂ ਹ ਬਿਆਨ ਕਰਦੀ ਹਾਂ।ਇਹਕਿ ਮੇਰਾ ਪੁੱਤਰ ਸੈਮੂਅਲ ਮਸੀਹ ਜੋ ਗਲਤ ਸੰਗਤ ਵਿੱਚ ਪੈ ਚੁੱਕਾ ਹੈ ਅਤੇ ਹਰ ਰੋਜ ਮੇਰੇ ਨਾਲ ਲੜਾਈ ਝਗੜਾ ਕਰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਪੁੱਤਰ ਸੈਮੂਅਲ ਮਸੀਹ ਨੂੰ ਆਪਣੀ ਸਮੁੱਚੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ,ਜਿਹੜਾ ਇਸ ਨਾਲ ਵਰਤੇਗਾ ਜਾਂ ਕੋਈ ਗਲਤ ਕੰਮ ਕਰਦਾ ਹੈ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪਲਵਿੰਦਰ ਕੁਮਾਰ ਪੁੱਤਰ ਛੋਟੂ ਰਾਮ ਵਾਸੀ ਗਲੀ ਨੰ: 12, ਗੁਰੂ ਰਾਮ ਦਾਸ ਐਵੀਨਿਊ, ਮਜੀਠਾ ਰੋਡ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੂਰਜ ਕੁਮਾਰ ਅਤੇ ਉਸ ਦੀ ਪਤਨੀ ਆਰਤੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਰਹਿੰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਬਿੱਕਰ ਸਿੰਘ ਪੁੱਤਰ ਮਿੱਠੂ ਸਿੰਘ ਵਾਸੀ ਧਰਮਪੁਰਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਕੁਲਵਿੰਦਰ ਕੌਰ ਪਤਨੀ ਕਾਬਲ ਸਿੰਘ ਵਾਸੀ ਪਿੰਡ ਮਾੜੀ ਮੇਘਾ ਤਹਿਸੀਲ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜੋਬਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਉਸਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਦਰਸ਼ਨ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮਕਾਨ ਨੰਬਰ 302/1, ਗਲੀ ਨੰ: 1, ਗੁਰੂ ਨਾਨਕ ਪੁਰਾ ਈਸਟ, ਜਲੰਧਰ ਬਿਆਨ ਕਰਦਾ ਹਾਂ ਮੇਰਾ ਲੜਕਾ ਨਰਿੰਦਰ ਸਿੰਘ ਅਤੇ ਉਸ ਦੀ ਪਤਨੀ ਖੁਸ਼ੀ ਅਤੇ ਪੋਤਾ ਸਾਹਿਬਜੀਤ ਸਿੰਘ ਪੁੱਤਰ ਨਰਿੰਦਰ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਸ਼ਿੰਦਰਪਾਲ ਸਿੰਘ ਪੁੱਤਰ ਕਰਮ ਚੰਦ ਵਾਸੀ ਪਿੰਡ ਦੋਦਾ ਵਜ਼ੀਰ, ਡਾ. ਪਰਮਜੀਤਪੁਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਅਤੇ ਨੂੰਹ ਨੇਹਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈ ਬਲਵਿੰਦਰ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਸ਼ੰਕਰਪੁਰਾ, ਤਹਿ ਬਟਾਲਾ, ਜਿਲ੍ਹਾ ਗੁਰਦਾਸਪੁਰ । ਮੇਰੀ ਲੜਕੀ ਹਰਪ੍ਰੀਤ ਕੌਰ ਜੋ ਕੀ ਕਹਿਣੇ ਸੁਣਨੇ ਤੋਂ ਬਾਹਰ ਹੈ । ਇਸ ਨੇ ਮੇਰੀ ਸਹਿਮਤੀ ਤੋਂ ਬਗੈਰ ਸ਼ਾਦੀ ਕਰ ਲਈ ਹੈ ਮੈਂ ਇਸ ਨੂੰ ਆਪਣੀ ਚਲ ਅਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ । ਚੰਗੇ ਮਾੜੇ ਕੰਮਾਂ ਦੀ ਇਹ ਖੁਦ ਜਿੰਮੇਵਾਰ ਹੋਵੇਗੀ । ਲੈਣ ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ । ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ । ਸੰਬੰਧਤ ਨੋਟ ਕਰੋ ।

ਮੈਂ ਸੁਖਵੰਤ ਸਿੰਘ ਪੁੱਤਰ ਲੇਟ ਸੁਬੇਗ ਸਿੰਘ, ਵਾਸੀ ਪਿੰਡ ਠੀਕਰੀਵਾਲਾ , ਡਾਕਖਾਨਾ ਨੂਰਪੁਰ ਲੁਬਾਣਾ, ਜ਼ਿਲ੍ਹਾ ਕਪੂਰਥਲਾ, ਪੰਜਾਬ, ਇਸ ਰਾਹੀਂ ਐਲਾਨ ਕਰਦਾ ਹਾਂ ਕਿ ਮੇਰਾ ਪੁੱਤਰ ਕਰਨੈਲ ਸਿੰਘ ਅਤੇ ਉਸਦੀ ਪਤਨੀ ਮਮਤਾ ਕੁਮਾਰੀ ਮੇਰੇ ਕਹਿਣੇਕਾਰ ਤੋਂ ਬਾਹਰ ਹਨ । ਇਸ ਲਈ ਮੈ ਇਹਨਾਂ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ । ਜੇਕਰ ਕੋਈ ਵੀ ਉਹਨਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਇਸ ਲਈ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਜਾਹਦਪੁਰ, ਡਾਕਖਾਨਾ ਜੈਤੋ ਸਰਜਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਗੁਰਪ੍ਰੀਤ ਸਿੰਘ ਵਾ ਨੂੰਹ ਸੁਖਰਾਜ ਕੌਰ ਪਤਨੀ ਗੁਰਪ੍ਰੀਤ ਸਿੰਘ ਅਤੇ ਮੇਰਾ ਪੋਤਰਾ ਹਰਗੁਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

ਮੈ ਲਾਲ ਬਹਾਦਰ ਪੁੱਤਰ ਰਾਜ ਕੁਮਾਰ ਵਾਸੀ ਰੈਸਟ ਹਾਊਸ ਸਬ ਤਹਿਸੀਲ ਢਿਲਵਾਂ (ਕਪੂਰਥਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਜੇਸ਼ ਕੁਮਾਰ ਪੁੱਤਰ ਲਾਲ ਬਹਾਦਰ ਜੋ ਕਿ ਸ਼ਾਦੀ ਸ਼ੁਦਾ ਹੈ ਮੇਰੇ ਕਹਿਣੇ ਕਾਰ ਤੋਂ ਬਾਹਰ ਹੋਣ ਕਰਕੇ ਮੈਂ ਉਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਗੁਰਮੀਤ ਸਿੰਘ ਪੁੱਤਰ ਜਗਿੰਦਰ ਸਿੰਘ ਵਾਸੀ ਪਿੰਡ ਖਾਲੜਾ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਅਤੇ ਮੇਰੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਰਾਜ ਪਤਨੀ ਵਿਜੇ ਕੁਮਾਰ ਵਾਸੀ ਸਰਬਜੀਤ ਕਾਲੋਨੀ, ਖਾਸਾ ਬਾਜ਼ਾਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਜੇ ਕੁਮਾਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਅਤੇ ਮੇਰੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ।

ਮੈਂ, ਰਾਜੇਸ਼ ਕਪੂਰ ਪੁੱਤਰ ਸੁਦੇਸ਼ ਕਪੂਰ ਵਾਸੀ ਮਕਾਨ ਨੰ. 313, ਗੁਰੂ ਰਾਮ ਦਾਸ ਐਨਕਲੇਵ, ਸ਼ੇਰ ਸਿੰਘ ਕਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਕਪੂਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਆਮ ਸੂਚਨਾ

ਮੈਂ, ਰਿਧੀਮਾ ਪਠਾਨੀਆ ਪੁੱਤਰੀ ਅਜੇ ਸਿੰਘ ਪਠਾਨੀਆ ਵਾਸੀ ਪਿੰਡ ਕਾਨਵਾਂ, ਡਾਕਖਾਨਾ ਪਰਮਾਨੰਦ, ਤਹਿਸੀਲ/ਜ਼ਿਲ੍ਹਾ ਪਠਾਨਕੋਟ, ਪੰਜਾਬ। ਮੇਰੇ ਬਾਰ੍ਹਵੀਂ ਜਮਾਤ ਪੰਜਾਬ ਸਕੂਲ ਸਿੱਖਿਆ ਬੋਰਡ ਮਾਰਚ 2026, ਸਰਟੀਫਿਕੇਟ ਸੀਰੀਅਲ ਨੰਬਰ 265686069, ਰੋਲ ਨੰ: 2026145052 ਜਿਸ ਵਿਚ ਮੇਰਾ ਨਾਂਅ ਰਿਧੀਮਾ ਪਠਾਨੀਆ, ਜੋ ਕਿ ਗਲਤ ਹੈ। ਮੇਰੇ ਆਧਾਰ ਕਾਰਡ 'ਤੇ ਮੇਰਾ ਨਾਂਅ ਰਿਧਿਮਾ ਪਠਾਨੀਆ ਜੋ ਕਿ ਸਹੀ ਹੈ। ਮੇਰੇ ਬਾਰ੍ਹਵੀਂ ਜਮਾਤ ਦੇ ਸਰਟੀਫਿਕੇਟ 'ਤੇ ਮੇਰਾ ਨਾਂਅ ਰਿਧਿਮਾ ਪਠਾਨੀਆ ਠੀਕ ਕੀਤਾ ਜਾਵੇ।

ਰਘੁਬੀਰ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਸੁਜਾਨਪੁਰ ਨੇ ਹਰਭਜਨ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਸੁਜਾਨਪੁਰ ਦਾ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 30/1091-ਐੱਚ ਨੂੰ ਆਪਣੇ ਨਾਂਅ ਕਰਨ ਲਈ ਉਪ ਮੰਡਲ ਤਿੱਬੜ ਵਿਚ ਦਰਖਾਸਤ ਦਿੱਤੀ ਹੈ। ਇਤਰਾਜ਼ੀ 30 ਦਿਨਾਂ ਅੰਦਰ ਦਫ਼ਤਰ ਨਾਲ ਸੰਪਰਕ ਕਰਨ।

ਖਾਤਾ ਨੰਬਰ AP-02/1366, 5 BHP (ਪੰਜ ਹਾਊਸ ਪਾਵਰ) ਜੋ ਕਿ ਗੁਰਮੁਖ ਸਿੰਘ ਪੁੱਤਰ ਅੱਛਰ ਸਿੰਘ ਵਾਸੀ ਪਿੰਡ ਬਾਬੋਵਾਲ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਮ ਤੋਂ ਹਰਦਿਆਲ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਪਿੰਡ ਟਾਹਲੀ ਸਾਹਿਬ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਮ ਉਪਰ ਤਬਦੀਲ ਹੋਣ ਜਾ ਰਿਹਾ ਹੈ, ਇਸ ਸਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਪ ਮੰਡਲ ਅਫਸਰ ਉਦੋਕੇ ਨਾਲ ਸੰਪਰਕ ਕੀਤਾ ਜਾਵੇ। ਮੋਬਾਈਲ ਨੰਬਰ 96461-13780, SDO PSPCL. ਉਦੋਕੇ।

ਨਾਂਅ ਦੀ ਬਦਲੀ

ਮੈਂ ਅਸ਼ੋਕ ਕੁਮਾਰ ਪੁੱਤਰ ਬਖਸ਼ੀ ਰਾਮ ਵਾਸੀ ਪਿੰਡ ਆਦੇਕਾਲੀ , ਡਾਕ ਖ਼ਾਨਾ ਮਿਠੜਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹੈ ਕਿ ਮੈਂ ਆਪਣਾ ਨਾਮ ਅਸ਼ੋਕ ਕੁਮਾਰ ਤੋ ਬਦਲ ਕੇ ਅਸ਼ੋਕ ਕੁਮਾਰ ਬੱਦਣ ਪੁੱਤਰ ਬਕਸੀ ਰਾਮ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਈਸ਼ਾ ਪੁੱਤਰੀ ਬਲਵਿੰਦਰ ਕੁਮਾਰ ਵਾਸੀ ਗਲੀ ਨੰਬਰ 1, ਗੋਬਿੰਦਪੁਰਾ ਫਗਵਾੜਾ ਜਿਲਾ ਕਪੂਰਥਲਾ ਨੇ ਆਪਣਾ ਨਾਮ ਈਸ਼ਾ ਤੋਂ ਬਦਲ ਕੇ ਈਸ਼ਾ ਕੌਰ ਰੱਖ ਲਿਆ ਹੈ।

ਆਮ ਸੂਚਨਾ

ਮੈਂ, ਜਗਤਾਰ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਭੁੱਚਰ ਖੁਰਦ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰੇ ਆਧਾਰ ਕਾਰਡ, ਪੈਨ ਕਾਰਡ, ਬੈਂਕ ਖਾਤਿਆਂ ਵਿਚ ਮੇਰਾ ਨਾਂਅ ਜਗਤਾਰ ਸਿੰਘ ਚਲਦਾ ਹੈ ਪਰ ਮੇਰਾ ਨਾਂਅ ਜ਼ਮੀਨ ਦੀ ਜਮ੍ਹਾਂਬੰਦੀ ਰਿਕਾਰਡ ਵਿਚ ਅਵਤਾਰ ਸਿੰਘ ਹੈ, ਜੋ ਕਿ ਗਲਤ ਹੈ। ਜਗਤਾਰ ਸਿੰਘ ਅਤੇ ਅਵਤਾਰ ਸਿੰਘ ਮੇਰੇ ਹੀ ਦੋ ਨਾਂਅ ਹਨ। ਸੰਬੰਧਤ ਨੋਟ ਕਰਨ

ਟਿਊਬਵੈੱਲ ਕੁਨੈਕਸ਼ਨ ਜਿਸ ਦਾ ਖਾਤਾ ਨੰ. ਏ ਪੀ 280452ਏ, ਜੋ ਕਿ ਡਾ. ਅੰਬੇਡਕਰ ਬੁਧਇਸਟ ਦੇ ਨਾਂਅ 'ਤੇ ਪਿੰਡ ਸੂਢ ਸਬ-ਡਵੀਜ਼ਨ ਬਹਿਰਾਮ-1 ਵਿਖੇ ਚੱਲਦੇ ਹਨ। ਇਨ੍ਹਾਂ ਦੇ ਨਾਂਅ ਦੀ ਤਬਦੀਲੀ ਲਈ ਜਸਪਾਲ ਸਿੰਘ ਪੁੱਤਰ ਅਮਰ ਚੰਦ ਪਿੰਡ ਬਲਾਕੀਪੁਰ ਰਕਬਾ ਸੂਢ, ਤਹਿਸੀਲ ਬੰਗਾ, ਜ਼ਿਲ੍ਹਾ ਸ:ਭ:ਸ. ਨਗਰ ਨੇ ਇਸ ਦਫਤਰ ਵਿਖੇ ਅਰਜ਼ੀ ਦਿੱਤੀ ਹੈ।ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ 30 ਦਿਨਾਂ ਦੇ ਅੰਦਰ ਸਬ-ਡਵੀਜ਼ਨ ਬਹਿਰਾਮ-1 ਵਿਖੇ ਸੰਪਰਕ ਕਰ ਸਕਦਾ ਹੈ। ਬਾਅਦ ਵਿੱਚ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ।

ਨਾਂਅ ਦੀ ਬਦਲੀ

ਮੈਂ, ਸ਼੍ਰਿਸ਼ਟੀ, ਪੁੱਤਰੀ ਰਾਜ ਕੁਮਾਰ ਸ਼ਰਮਾ, ਪਤਨੀ ਨਿਤਿਨ ਗਰਗ, ਵਾਸੀ ਮਕਾਨ ਨੰਬਰ 146, ਵਾਰਡ ਨੰਬਰ 14-ਏ, ਸ਼ਿਵਪੁਰੀ ਮੁਹੱਲਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਸ਼੍ਰਿਸ਼ਟੀ ਗਰਗ ਰੱਖ ਲਿਆ ਹੈ।

PUBLIC NOTICE

I Sandeep Puri (UID: 6918-6867-0150) S/o Deepak Puri R/o # 148, Ward No. 1, New Azad Nagar, Shahkot, Jalandhar, Punjab-144702. I have Lost my Transfer Deed No's 2019-20/177/1/549 Dated 02-09-2019 & 2019-20/177/1/542 Dated 28-08-2019 at Bus Stand, Shahkot On Dt. 15-10-2026. If anyone found above said sale deed or have any objection with regard to the above said deed, kindly contact Advocate Mr. Vikas Sood. M. No. 981409356 District courts Jalandhar within 14 days from the date of publication." Thereafter no claim Shell be considered.

I Kamlesh (UID: 5144-2687-2086) W/o Deepak Yadev R/o H.no 548, Street No. 4, Near Railway Line, Ward No 17, New Deep Nagar, Hoshiarpur. I have Lost my Sale Deed No. 3977 Dated 11-10-2017 at Near Bus Stand, Hoshiarpur On Dt. 12-10-2026. If anyone found above said sale deed or have any objection with regard to the above said deed, kindly contact Advocate Mr. Vikas Sood. M. No. 981409356 District courts Jalandhar within 7 days from the date of publication." Thereafter no claim Shell be considered.

ਪਬਲਿਕ ਨੋਟਿਸ

ਸਰਕਲ ਰੈਵੇਨਿਊ ਅਫਸਰ-ਕਮ-ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ (ਪੰਜਾਬ)
(ਨੋਟਿਸ ਬਨਾਮ ਆਮ ਜਨਤਾ)

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਨਜੀਤ ਕੌਰ ਪਤਨੀ ਮੰਗਲ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਝੰਡਾ ਖੁਰਦ ਨੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਉਸ ਦੇ ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ, ਰਾਸ਼ਨ ਕਾਰਡ, ਬੈਂਕ ਖਾਤਾ ਅਤੇ ਬੱਚਿਆਂ ਦੇ ਸਕੂਲ ਸਰਟੀਫਿਕੇਟਾਂ ਵਿੱਚ ਮਨਜੀਤ ਕੌਰ ਪਤਨੀ ਮੰਗਲ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਝੰਡਾ ਖੁਰਦ ਦਰਜ ਹੈ, ਪ੍ਰੰਤੂ ਜਮ੍ਹਾਂਬੰਦੀ ਸਾਲ 2020-21 ਦੀ ਖੇਵਟ/ਖਤੌਨੀ 107/242 ਤਾ 244 ਦੀ ਮਾਲਕੀ ਰਣਜੀਤ ਕੌਰ ਪਤਨੀ ਬਖਸ਼ੀਸ਼ ਸਿੰਘ ਪੁੱਤਰ ਸੁੱਚਾ ਸਿੰਘ ਦਰਜ ਹੈ। ਦਰਅਸਲ ਉਸ ਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।(ਇਸ ਦੀ ਸ਼ਾਦੀ ਪਹਿਲਾਂ ਬਖਸ਼ੀਸ਼ ਸਿੰਘ ਪੁੱਤਰ ਸੁੱਚਾ ਸਿੰਘ, ਮੰਗਲ ਸਿੰਘ ਦੇ ਭਰਾ ਨਾਲ ਹੋਈ ਸੀ। ਬਖਸ਼ੀਸ਼ ਸਿੰਘ ਦੀ ਮੌਤ ਤੋਂ ਬਾਅਦ ਇਸ ਦੀ ਸ਼ਾਦੀ ਮੰਗਲ ਸਿੰਘ ਨਾਲ ਹੋ ਚੁੱਕੀ ਹੈ।) ਇਸ ਲਈ ਉਸ ਵੱਲੋਂ ਮਾਲ ਰਿਕਾਰਡ ਪਿੰਡ ਝੰਡਾ ਖੁਰਦ ਵਿੱਚ ਆਪਣਾ ਨਾਂਅ ਰਣਜੀਤ ਕੌਰ ਉਰਫ ਮਨਜੀਤ ਕੌਰ ਪਤਨੀ ਮੰਗਲ ਸਿੰਘ ਪੁੱਤਰ ਸੁੱਚਾ ਸਿੰਘ ਦਰਜ ਕੀਤੇ ਜਾਣ ਦੀ ਬੇਨਤੀ ਕੀਤੀ ਗਈ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਦਰਖਾਸਤਕਰਤਾ ਦਾ ਨਾਂਅ ਮਾਲ ਰਿਕਾਰਡ ਪਿੰਡ ਝੰਡਾ ਖੁਰਦ ਦੀ ਜਮ੍ਹਾਂਬੰਦੀ ਸਾਲ 2020-21 ਦੀ ਖੇਵਟ/ਖਤੌਨੀ 107/242 ਤਾ 244 ਵਿੱਚ ਰਣਜੀਤ ਕੌਰ ਉਰਫ ਮਨਜੀਤ ਕੌਰ ਪਤਨੀ ਮੰਗਲ ਸਿੰਘ ਪੁੱਤਰ ਸੁੱਚਾ ਸਿੰਘ ਕੀਤੇ ਜਾਣ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 15 (ਪੰਦਰਾਂ ਦਿਨਾਂ) ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਿਸੇ ਵੀ ਕਿਸਮ ਦੇ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਦਰਖਾਸਤਕਰਤਾ ਦਾ ਨਾਂਅ ਮਾਲ ਰਿਕਾਰਡ ਵਿੱਚ ਰਣਜੀਤ ਕੌਰ ਉਰਫ ਮਨਜੀਤ ਕੌਰ ਪਤਨੀ ਮੰਗਲ ਸਿੰਘ ਪੁੱਤਰ ਸੁੱਚਾ ਸਿੰਘ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 02.11.2026 ਨੂੰ ਮੇਰੇ ਦਸਤਖਤ ਅਤੇ ਮੋਹਰ ਦਫ਼ਤਰ ਰਾਹੀਂ ਜਾਰੀ ਕੀਤਾ ਗਿਆ।

ਸਰਕਲ ਰੈਵੇਨਿਊ ਅਫ਼ਸਰ-ਕਮ-ਨਾਇਬ ਤਹਿਸੀਲਦਾਰ, ਸਰਦੂਲਗੜ੍ਹ।

ਨੰਬਰ:379/ਰੀਡਰ-2 ਮਿਤੀ: 02.11.2026

ਕੋਰਟ ਨੋਟਿਸ

ਜ਼ਿਲ੍ਹਾ ਮੈਰਿਜ ਅਫਸਰ, ਜਲੰਧਰ
V/S ਆਮ ਜਨਤਾ



ਵਿਸ਼ਾ: ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਮ : ਸੰਜੀਵ ਸੋਬਤੀ ਪਿਤਾ/ਪਤੀ ਦਾ ਨਾਮ : ਵਿਰਿੰਦਰ ਸੋਬਤੀ
ਪਤਾ: H. NO. E R 230 PACCA BAGH JALANDHAR, Tehsil-Jalandhar-1/ District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਲਈ ਬਿਨੈ ਪੱਤਰ ਦਿੱਤਾ ਹੈ, ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ :-
ਨਾਮ: ਰਾਹੁਲ ਸੋਬਤੀ
ਪੱਕਾ ਪਤਾ: H.NO. E R 230 PACCA BAGH JALANDHAR, Jalandhar-1, Jalandhar, Punjab
ਉਮਰ/ਜਨਮ ਮਿਤੀ : 24-(24/05/2002)

ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 28/10/2026 ਨੂੰ ਜਾਰੀ ਹੋਇਆ।

ਨੰਬਰ/83/ MC.2/MA ਮਿਤੀ: 28/10/2026 ਜ਼ਿਲ੍ਹਾ ਮੈਰਿਜ ਅਫਸਰ, ਜਲੰਧਰ, ਪੰਜਾਬ, ਭਾਰਤ

ਬੈਂਕ ਆਫ਼ ਇੰਡੀਆ Bank of India BOI — Baghapurana Branch
NOTICE FOR PUBLIC AUCTION OF PLEDGED GOLD JEWELLERY/ORNAMENTS/COINS

ਇਸ ਰਾਹੀਂ ਸੋਨੇ ਦੇ ਕਰਜ਼ਾ ਲੈਣ ਵਾਲਿਆਂ, ਉਨ੍ਹਾਂ ਦੇ ਕਾਨੂੰਨੀ ਵਾਰਸਾਂ, ਸੋਨੇ ਦੇ ਗਹਿਣਿਆਂ/ਸਿੱਕਿਆਂ ਦੇ ਕਾਰੋਬਾਰ ਨਾਲ ਜੁੜੇ ਵਿਅਕਤੀਆਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਵੱਲੋਂ ਵਾਰ-ਵਾਰ ਯਾਦ-ਦਹਾਨੀਆਂ/ਨੋਟਿਸ ਭੇਜਣ ਦੇ ਬਾਵਜੂਦ, ਹੇਠਾਂ ਦਿੱਤੇ ਕਰਜ਼ਦਾਰ ਬੈਂਕ ਦਾ ਬਕਾਇਆ ਨਹੀਂ ਚੁਕਾ ਰਹੇ ਹਨ। ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਉਹ 08.12.2026 ਤੱਕ ਆਪਣੇ ਸੋਨੇ ਦੇ ਕਰਜ਼ਾ ਖਾਤਿਆਂ ਵਿੱਚ ਸਾਰਾ ਬਕਾਇਆ (ਜਿਸ ਵਿੱਚ ਅੱਪ-ਟੂ-ਡੇਟ ਵਿਆਜ ਅਤੇ ਸਾਰੇ ਖਰਚੇ/ਚਾਰਜ ਸ਼ਾਮਲ ਹਨ) ਜਮ੍ਹਾਂ ਕਰਵਾਉਣ ਵਿੱਚ ਅਸਫਲ ਰਹਿੰਦੇ ਹਨ, ਤਾਂ 09.12.2026 ਨੂੰ ਸਵੇਰੇ 10:00 ਵਜੇ ਤੋਂ ਉਨ੍ਹਾਂ ਦੁਆਰਾ ਗਿਰਵੀ ਰੱਖੇ ਗਏ ਸੋਨੇ ਦੇ ਗਹਿਣੇ/ਸਿੱਕੇ ਬ੍ਰਾਂਚ ਦੇ ਅਹਾਤੇ ਵਿੱਚ ਜਨਤਕ ਨਿਲਾਮੀ ਲਈ ਰੱਖੇ ਜਾਣਗੇ। ਇਸ ਸਬੰਧੀ, ਸਬੰਧਤ ਕਰਜ਼ਦਾਰਾਂ ਨੂੰ ਹੋਣ ਵਾਲੀ ਕਿਸੇ ਵੀ ਪਰੇਸ਼ਾਨੀ ਜਾਂ ਨੁਕਸਾਨ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਇਸ ਸਬੰਧ ਵਿੱਚ ਕਿਸੇ ਵੀ ਕਰਜ਼ਦਾਰ ਵੱਲੋਂ ਲਗਾਏ ਗਏ ਦੋਸ਼ਾਂ ਜਾਂ ਪੇਸ਼ ਕੀਤੀਆਂ ਗਈਆਂ ਦਲੀਲਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਜਿਹੜੇ ਵਿਅਕਤੀ ਬੋਲੀ ਵਿੱਚ ਹਿੱਸਾ ਲੈਣ ਦੇ ਚਾਹਵਾਨ ਹਨ, ਉਨ੍ਹਾਂ ਨੂੰ ਨਿਰਧਾਰਤ ਮਿਤੀ/ਸਮੇਂ ਤੋਂ ਪਹਿਲਾਂ ਬਿਆਨਾ ਰਾਸ਼ੀ ਵਜੋਂ 1000/- ਰੁਪਏ (ਸਿਰਫ਼ ਇੱਕ ਹਜ਼ਾਰ ਰੁਪਏ) ਸੀਨੀਅਰ ਬ੍ਰਾਂਚ ਮੈਨੇਜਰ, ਬਾਘਾਪੁਰਾਣਾ ਕੋਲ ਜਮ੍ਹਾਂ ਕਰਵਾਉਣੇ ਪੈਣਗੇ। ਅੰਤਿਮ ਬੋਲੀ ਵਿੱਚ ਹਿੱਸਾ ਲੈਣ ਵਾਲੇ ਵਿਅਕਤੀਆਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ 48 ਘੰਟਿਆਂ ਦੇ ਅੰਦਰ-ਅੰਦਰ ਬੈਂਕ ਵਿੱਚ ਪੂਰੀ ਰਕਮ ਜਮ੍ਹਾਂ ਕਰਵਾਉਣ; ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਬੈਂਕ ਕੋਲ ਜਮ੍ਹਾਂ ਕਰਵਾਈ ਗਈ ਉਨ੍ਹਾਂ ਦੀ ਬਿਆਨਾ ਰਾਸ਼ੀ ਜ਼ਬਤ ਕਰ ਲਈ ਜਾਵੇਗੀ। ਜੇਕਰ ਬੋਲੀ ਰਾਹੀਂ ਪ੍ਰਾਪਤ ਹੋਈ ਕੀਮਤ ਬਹੁਤ ਘੱਟ ਜਾਂ ਨਾਕਾਫ਼ੀ ਲੱਗਦੀ ਹੈ, ਤਾਂ ਬੈਂਕ ਕੋਲ ਬਿਨਾਂ ਕੋਈ ਕਾਰਨ ਦੱਸੇ ਨਿਲਾਮੀ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ। ਇਸ ਤੋਂ ਇਲਾਵਾ, ਜੇ ਲੋੜ ਪਈ, ਤਾਂ ਬੈਂਕ ਕੋਲ ਉਪਰੋਕਤ ਨਿਲਾਮੀ ਦੀ ਮਿਤੀ, ਸਮਾਂ ਜਾਂ ਸਥਾਨ ਬਦਲਣ, ਜਾਂ ਬਿਨਾਂ ਕੋਈ ਕਾਰਨ ਦੱਸੇ ਇਸ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ। ਰਿਜ਼ਰਵ ਕੀਮਤ (ਘੱਟੋ-ਘੱਟ ਕੀਮਤ) ਵਿੱਚ ਜੀ. ਐੱਸ.ਟੀ. ਤੇ ਹੋਰ ਲਾਗੂ ਚਾਰਜ ਸ਼ਾਮਲ ਨਹੀਂ ਹਨ। ਇਸ ਲਈ, ਸਫਲ ਬੋਲੀਦਾਤਾ ਨੂੰ ਜੀ. ਐੱਸ.ਟੀ. ਅਤੇ ਹੋਰ ਲਾਗੂ ਟੈਕਸ ਵੀ ਜਮ੍ਹਾਂ ਕਰਵਾਉਣੇ ਪੈਣਗੇ।

ਖਾਤਾ ਨੰ.	ਕਰਜ਼ਦਾਰ ਦਾ ਨਾਂਅ	ਕੁਲ ਬਕਾਇਆ	ਸੋਨੇ ਦਾ ਕੁੱਲ ਭਾਰ / ਸ਼ੁੱਧ ਭਾਰ	ਰਾਖਵੀਂ ਕੀਮਤ ਬਿਆਨਾ ਰਕਮ ਬੋਲੀ ਵਾਧਾ ਰਕਮ
655828110000077	ਸ੍ਰੀ ਗਗਨਦੀਪ ਸਿੰਘ ਭੱਟੀ	06.05.2026 ਤੋਂ ਰੁਪਏ 92,417.70 ਜਮ੍ਹਾਂ ਵਿਆਜ	10.550 ਗ੍ਰਾਮ / 10.550 ਗ੍ਰਾਮ	ਰੁ. 1,37,473/- ਰੁ. 1000/- ਰੁ. 500/-

ਬਰਾਂਚ ਮੈਨੇਜਰ

ਚੋਣ ਨੋਟਿਸ

ਦੋਰਾਹਾ (ਹਰਮਿੰਦਰ ਸੇਠ)-ਬਹੁਜਨ ਸਮਾਜ ਪਾਰਟੀ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਖੰਨਾ ਦੇ ਪਿੰਡ ਭੱਟੀਆਂ ਸਥਿਤ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਜ਼ੋਨ ਪੱਧਰੀ ਮੀਟਿੰਗ ਕਰਵਾਈ ਗਈ।ਇਸ ਮੀਟਿੰਗ ਵਿੱਚ ਵੱਖ-ਵੱਖ ਜ਼ੋਨਾਂ ਦੇ ਇੰਚਾਰਜਾਂ ਤੇ ਵਿਧਾਨ ਸਭਾ ਹਲਕਿਆਂ ਦੇ ਅਹੁਦੇਦਾਰਾਂ ਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੱਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਰਣਜੀਤ ਸਿੰਘ, ਮੀਡੀਆ ਇੰਚਾਰਜ ਵਿਧਾਨ ਸਭਾ ਹਲਕਾ ਪਾਇਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਬਸਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੀਆਂ ਸਰਗਰਮੀਆਂ ਤੇਜ਼ ਕਰਨ ਤੇ ਪਾਰਟੀ ਨੂੰ ਜਥੇਬੰਦਕ ਤੌਰ 'ਤੇ ਮਜ਼ਬੂਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਰਕਰਾਂ ਨੂੰ ਇਕਜੁੱਟ ਹੋ ਕੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਪੰਜਾਬ ਦੌਰੇ 'ਤੇ ਆਏ ਬਸਪਾ ਪੰਜਾਬ ਦੇ ਇੰਚਾਰਜ ਸ੍ਰੀ ਵਿਪੁਲ ਕੁਮਾਰ ਤੇ ਸਾਬਕਾ ਸੰਸਦ ਮੈਂਬਰ ਤੇ ਨੈਸ਼ਨਲ ਕੋਆਰਡੀਨੇਟਰ ਰਾਮ ਗੌਤਮ ਨੇ ਵੀ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ 2027 ਦੀਆਂ ਚੋਣਾਂ ਲਈ ਹੁਣ ਤੋਂ ਹੀ ਇਕਜੁੱਟ ਹੋ ਕੇ ਕੰਮ ਕਰਨ ਅਤੇ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਯਤਨ ਤੇਜ਼ ਕਰਨ ਦੀ ਅਪੀਲ ਕੀਤੀ।ਇਸ ਮੌਕੇ ਪੰਜਾਬ ਸਕੱਤਰ ਕੁਲਵੰਤ ਸਿੰਘ ਮਹਿਤੋ, ਮੀਤ ਪ੍ਰਧਾਨ ਬਲਦੇਵ ਸਿੰਘ ਮਹਿਰਾ, ਪੰਜਾਬ ਸਕੱਤਰ ਬਲਜੀਤ ਸਿੰਘ ਸਲਾਣਾ ਤੇ ਜ਼ੋਨ ਇੰਚਾਰਜ ਸੰਗਰੂਰ ਇੰਜੀਨੀਅਰ ਅਮਨ ਬੋਧ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪਹੁੰਚੇ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਮਨਜੀਤ ਸਿੰਘ ਸਰਪ੍ਰਸਤ ਅੜੈਚਾਂ, ਸ਼ਿੰਦਰਪਾਲ ਚਾਪੜਾ ਪ੍ਰਧਾਨ, ਗੁਰਬਚਨ ਸਿੰਘ ਕਟਾਰੀ ਸਕੱਤਰ ਪਾਇਲ, ਧਰਮਿੰਦਰ ਸਿੰਘ ਬਿਲਾਸਪੁਰ ਪ੍ਰਧਾਨ ਪਾਇਲ, ਦਰਸ਼ਨ ਹਾਂਸ ਮਸੀਹਾ ਭਾਈਚਾਰਾ ਪ੍ਰਧਾਨ, ਕੈਸ਼ੀਅਰ ਦਰਸ਼ਨ ਸਿੰਘ ਮਲੌਦ, ਲਖਵੀਰ ਸਿੰਘ ਲੱਖਾ ਪ੍ਰਧਾਨ ਖੰਨਾ, ਜਗਜੀਤ ਸਿੰਘ ਬਿੱਟੂ ਖੰਨਾ ਇੰਚਾਰਜ ਤੇ ਚੇਅਰਮੈਨ ਰਣਜੀਤ ਸਿੰਘ ਬਰਮਾਲੀਪੁਰ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

YES BANK

Regd & Corp. Off.: Yes Bank House, Off Western Express Highway, Santacruz East, Mumbai – 400055 India. **Branch Off.:** B-XX 2427-928, Govind Nagar, Firozpur Road, Ludhiana-141001 **Website:** www.yesbank.in **Email:** commincations@yesbank.in, **CIN:** L65190MH2003PLC143249

[(ਰੂਲ-8 (1)] ਕਬਜ਼ਾ ਨੋਟਿਸ

ਖਾਤਾ ਨੰ. MOR007101268271

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰੀਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਸ਼ਰਮਾ ਮੈਟਲ ਕਾਰਪੋਰੇਸ਼ਨ ਰਾਹੀਂ ਇਸ ਦੇ ਮਾਲਕ ਨਰੇਸ਼ ਕੁਮਾਰ ਸ਼ਰਮਾ ਮਾਰਫਤ 12 ਰਾਮ ਬਾਗ ਨੇੜੇ ਟਰਾਂਸਪੋਰਟ ਨਗਰ, ਜਲੰਧਰ ਪੰਜਾਬ-144001, ਨਾਲ ਹੀ : ਮਕਾਨ # 8-9, ਨਿਊ ਕਾਲੋਨੀ, ਅਮਨ ਨਗਰ, ਪਿਛਵਾੜੇ ਵਰਮਾ ਵੈਲਡਿੰਗ ਸ਼ਾਪ ਜਲੰਧਰ, ਪੰਜਾਬ-144004 ("ਕਰਜ਼ਦਾਰ") (2) ਨਰੇਸ਼ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਮਕਾਨ # 8, 9 ਨਿਊ ਕਾਲੋਨੀ, ਅਮਨ ਨਗਰ, ਪਿਛਵਾੜੇ ਵਰਮਾ ਵੈਲਡਿੰਗ ਸ਼ਾਪ ਜਲੰਧਰ ਪੰਜਾਬ-144004 ("ਸਹਿ-ਕਰਜ਼ਦਾਰ ਰਹਿਣਕਾਰ") (3) ਨਿਖਿਲ ਸ਼ਰਮਾ ਪੁੱਤਰ ਨਰੇਸ਼ ਕੁਮਾਰ ਸ਼ਰਮਾ ਵਾਸੀ ਮਕਾਨ # 8-9, ਨਿਊ ਕਾਲੋਨੀ, ਅਮਨ ਨਗਰ, ਪਿਛਵਾੜੇ ਵਰਮਾ ਵੈਲਡਿੰਗ ਸ਼ਾਪ, ਜਲੰਧਰ, ਪੰਜਾਬ-14404 (ਸਹਿ-ਕਰਜ਼ਦਾਰ) ਨੂੰ ਮਿਤੀ 15/11/2025 ਦੇ ਡਿਮਾਂਡ ਨੋਟਿਸ 'ਚ ਦੱਸੀ ਰਕਮ ਰੁਪਏ 93,72,310.25 (ਤਰਿਆਨਵੇਂ ਲੱਖ ਬੱਹਤਰ ਹਜ਼ਾਰ ਤਿੰਨ ਸੌ ਦਸ ਰੁਪਏ ਅਤੇ ਪੱਚੀ ਪੈਸੇ ਕੇਵਲ) ਸਮੇਤ 14 ਨਵੰਬਰ 2025 ਤੋਂ ਇਸ 'ਤੇ ਅਗਲਾ ਵਿਆਜ ਅਤੇ ਹੋਰ ਚਾਰਜਿਜ਼ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਮਿਤੀ 15 ਨਵੰਬਰ 26 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਅਤੇ ਗਰੰਟਰ ਮੁਕੰਮਲ ਬਕਾਇਆ ਅਦਾ ਕਰਨ 'ਚ ਅਸਫਲ ਰਹੇ ਹਨ। ਕਰਜ਼ਦਾਰ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ 5 ਨਵੰਬਰ 2026 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਯੈੱਸ ਬੈਂਕ ਲਿਮਟਿਡ ਦੀ ਬਕਾਇਆ ਰਾਸ਼ੀ ਰੁਪਏ 93,72,310.25 (ਤਰਿਆਨਵੇਂ ਲੱਖ ਬੱਹਤਰ ਹਜ਼ਾਰ ਤਿੰਨ ਸੌ ਦਸ ਰੁਪਏ ਅਤੇ ਪੱਚੀ ਪੈਸੇ ਕੇਵਲ) ਅਤੇ ਇਸ 'ਤੇ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ

ਰਹਿਣ ਕੀਤੀ ਜਾਇਦਾਦ ਦਾ ਵੇਰਵਾ	ਹੱਦਾਂ	ਰਹਿਣਕਾਰ
ਸਭ ਕੁਝ ਜਾਇਦਾਦ ਦਾ ਅਟੁੱਟ ਹਿੱਸਾ, ਜੋ ਕਿ ਮਕਾਨ ਨੰ. 8 ਤੇ 9, ਖਸਰਾ ਨੰ. 12478, 12488, 12487, 12492, 12493, 12454, 12472, 12439, 12495, 12429, 12477, 23348/12426 ਆਦਿ, ਖੇਵਟ ਖਤੌਨੀ ਨੰ. 4595/5487-5487/1-5488-5489-5490, 4596/5491-5493-5494, ਹੱਦਬਸਤ ਨੰ. 307/3, ਪਤਾ ਮਕਾਨ ਨੰ. 8 ਤੇ 9 ਨਿਊ ਅਮਨ ਨਗਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ।	ਉੱਤਰ : ਹੋਰ, ਦੱਖਣ: ਸੜਕ, ਪੂਰਬ : ਕਾਰਾ ਸਿੰਘ, ਪੱਛਮ : ਸੋਮੀ	ਨਰੇਸ਼ ਕੁਮਾਰ ਸ਼ਰਮਾ ਪੁੱਤਰ ਹਰਬੰਸ ਲਾਲ

ਮਿਤੀ 07.11.2026, ਸਥਾਨ : ਜਲੰਧਰ (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ

ਉੱਤਰ ਰੇਲਵੇ

ਖੁੱਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉੱਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ **30.11.2026** ਨੂੰ **15:00** ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ **30.11.2026** ਨੂੰ **15:00** ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

ਟੈਂਡਰ ਨੰਬਰ	ਕੰਮਾਂ ਦਾ ਵੇਰਵਾ	ਅੰਦਾਜ਼ਨ ਲਾਗਤ (Rs.)	ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ	ਬਿਆਨਾ ਰਾਸ਼ੀ # (Rs.)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੈਬਸਾਈਟ
804C-ਟੀਆਰਡੀ-ਫਿਰੋਜ਼ਪੁਰ-2026-27	ਫਿਰੋਜ਼ਪੁਰ ਡਵੀਜ਼ਨ ਵਿਚ ਵਖ-ਵਖ ਇੰਜੀਨੀਅਰਿੰਗ ਕੰਮਾਂ ਦੇ ਤਹਿਤ TRD ਦਾ ਕੰਮ: (i) ADEN/JUC ਦੇ ਅਧਿਕਾਰ ਖੇਤਰ ਵਿਚ JUC-BES ਸੈਕਸ਼ਨ (JUC-SRX ਦੇ ਵਿਚ) ਤੇ Km 433/27-28 ਤੇ ਮੌਜੂਦਾ ਮੈਨ-ਯੁਕਤ ਲੇਵਲ ਕ੍ਰਾਸਿੰਗ (L-xing) ਨੰਬਰ ਐਸ-63 ਨੂੰ ਹਟਾ ਕੇ 5MX5M ਸਾਈਜ਼ ਦਾ ਲਿਮਿਟੇਡ ਹਾਈਟ ਸਬਵੇ (LHS) 'ਪੁਸ਼ਿੰਗ ਮੇਥਡ' ਨਾਲ ਬਨਾਉਣਾ (ii) ADEN/LDH ਦੇ ਅਧਿਕਾਰ ਖੇਤਰ ਵਿਚ LDH-DUI ਸੈਕਸ਼ਨ ਉਤੇ ਐਲਸੀ ਨੰਬਰ ਐਸ-3 ਦੇ ਕੋਲ 3.00 ਮੀਟਰ ਚੌੜਾ, ਢਕਿਆ ਹੋਇਆ ਅਤੇ ਹਲਕਾ ROB ਬਨਾਉਣਾ (iii) ADEN/JUC ਦੇ ਅਧਿਕਾਰ ਖੇਤਰ ਵਿਚ JUC-NRO ਸੈਕਸ਼ਨ ਤੇ ਬੰਦ ਲੇਵਲ ਕ੍ਰਾਸਿੰਗ ਨੰਬਰ ਸੀ-7 ਦੀ ਥਾਂ 'ਪੁਸ਼ਿੰਗ ਮੇਥਡ' ਨਾਲ 5m X 3.5m ਦਾ LHS ਬਨਾਉਣਾ, (iv) SNL-ASR ਸੈਕਸ਼ਨ ਉਤੇ KM 366/16-18 ਤੇ ਪੈਦਲ ਚਲਣ ਵਾਲਿਆਂ ਦੇ ਲਈ ਰੈਂਪ ਦੇ ਨਾਲ 3.00 ਮੀਟਰ ਚੌੜਾ, ਢਕਿਆ ਹੋਇਆ FOB ਬਨਾਉਣਾ ਅਤੇ (v) ADEN-II/FZR ਦੇ ਅਧਿਕਾਰ ਖੇਤਰ ਵਿਚ ਮੌਜੂਦਾ ਵਖ-ਵਖ ਸਟੀਲ ਗਡ੍ਰਰ ਪੁਲਾਂ ਨੂੰ PSC ਸਲੈਬ ਵਾਲੇ ਪੁਲਾਂ ਨਾਲ ਬਦਲਣਾ (ਜਿਨ੍ਹਾਂ ਦਾ ਸਪੈਨ 12.20m ਅਤੇ 3.66m ਤਕ ਹੋਵੇ)	1,38,14,862.91	30.11.2026 15:00 ਵਜੇ ਤਕ	2,76,300/-	12 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
809A-ਟੀਆਰਡੀ-ਫਿਰੋਜ਼ਪੁਰ-2026-27	ਫਿਰੋਜ਼ਪੁਰ ਮੰਡਲ ਵਿਚ ਸਾਹਨੇਵਾਲ-ਅੰਮ੍ਰਿਤਸਰ, ਜਾਲੰਧਰ ਕੈਂਟ-ਭੋਗਪੁਰ ਸਿਰਵਾਲ ਅਤੇ ਫਿਰੋਜ਼ਪੁਰ-ਬਠਿੰਡਾ ਸੈਕਸ਼ਨ ਉਤੇ UIOL ਟਰਨਆਊਟ, ਕ੍ਰਾਸ-ਓਵਰ ਅਤੇ ਆਈਸੋਲੇਟਰ ਸਮੇਤ ਸਾਰੀਆਂ ਥਾਵਾਂ ਤੇ 160 Sq.mm G- ਜੰਪਰ ਲਗਾਉਣ ਦਾ ਪ੍ਰਬੰਧ।	3,36,38,193.52	30.11 2026 15:00 ਵਜੇ ਤਕ	6,72,800/-	12 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
819-ਟੀਆਰਡੀ-ਫਿਰੋਜ਼ਪੁਰ-2026-27	ਫਿਰੋਜ਼ਪੁਰ ਡਵੀਜ਼ਨ ਵਿਚ ਪੀਐਚ-53 ਦੇ ਤਹਿਤ ਸਵੀਕ੍ਰਿਤ ਕੰਮਾਂ ਦੇ ਤਹਿਤ ਓਐਚਈ ਸੰਸ਼ੋਧਨ ਦਾ ਕੰਮ, ਇਸ ਵਿਚ ਸ਼ਾਮਲ ਹੈ: (i) Sr.DEN-III/FZR ਦੇ ਤਹਿਤ ਕੱਥੂਨੰਗਲ, ਜੈਂਤੀਪੁਰਾ ਅਤੇ ਹਮੀਰਾ ਸਟੇਸ਼ਨਾਂ ਤੇ ਯਾਤਰੀ ਪਲੇਟਫਾਰਮ ਨੂੰ RL/LL (ਰੇਲ ਲੇਵਲ/ਲੋ ਲੈਵਲ) ਤੋਂ ਵਧਾ ਕੇ ਹਾਈ ਲੇਵਲ ਪਲੇਟਫਾਰਮ ਵਿਚ ਬਦਲਣਾ, (ii) Sr.DEN-III/FZR ਦੇ ਤਹਿਤ ਨਕੋਦਰ, ਫਿਲਵਾਂ, ਟਾਂਗਰਾ, ਬੁਟਾਰੀ ਅਤੇ ਬਟਾਲਾ ਸਟੇਸ਼ਨਾਂ ਤੇ ਯਾਤਰੀ ਪਲੇਟਫਾਰਮ ਨੂੰ RL/LL (ਰੇਲ ਲੇਵਲ/ਲੋ ਲੈਵਲ) ਤੋਂ ਵਧਾ ਕੇ ਹਾਈ ਲੇਵਲ ਪਲੇਟਫਾਰਮ ਵਿਚ ਬਦਲਣਾ; (iii) ADEN/I/FZR ਦੇ ਤਹਿਤ SSE/W/KKP ਸੈਕਸ਼ਨ ਵਿਚ ਜੀਐਨਏ ਤੇ 2 ਅਤੇ ਐਫਡੀਕੇ ਤੇ 1 ਰੇਲ ਲੇਵਲ ਪਲੇਟਫਾਰਮ ਨੂੰ ਹਾਈ ਲੇਵਲ ਪਲੇਟਫਾਰਮ ਵਿਚ ਬਦਲਣਾ; ਅਤੇ (iv) DEN-HQ-FZR ਦੇ ਤਹਿਤ ਮਖੂ ਵਿਚ ਪਲੇਟਫਾਰਮ ਨੰਬਰ 1 ਅਤੇ ਗੰਗਸਰ ਜੈਤੋਂ ਵਿਚ ਪਲੇਟਫਾਰਮ ਨੰਬਰ 1 ਅਤੇ 2 ਨੂੰ RL (ਰੇਲ ਲੇਵਲ) ਤੋਂ ਉਪਰ ਚੁਕਣਾ, ਨਾਲ ਹੀ ਮਖੂ ਰੇਲਵੇ ਸਟੇਸ਼ਨ ਉਤੇ ਰੈਂਪ ਦੇ ਨਾਲ 3.0 ਮੀਟਰ ਚੌੜਾ FOB (ਫੁਟ ਓਵਰ ਬ੍ਰਿਜ) ਬਨਾਉਣਾ।	2,81,33,644.60	30.11.2026 15:00 ਵਜੇ ਤਕ	5,62,700/-	12 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
824-ਟੀਆਰਡੀ-ਫਿਰੋਜ਼ਪੁਰ-2026–27	ਫਿਰੋਜ਼ਪੁਰ ਮੰਡਲ ਵਿਚ 60 ਮਧ-ਸੈਕਸ਼ਨ ਇੰਟਰਲਾਕ L-ਕ੍ਰਾਸਿੰਗ ਗੇਟਾਂ ਉਤੇ ਇੰਟੀਗ੍ਰੇਟੇਡ ਪਾਵਰ ਸਪਲਾਈ ਸਿਸਟਮ (IPS) ਉਪਲਬਧ ਕਰਾਉਣ ਦੇ ਸਬੰਧ ਵਿਚ PH-29 ਦੇ ਤਹਿਤ S&T/FZR ਦੇ ਸਵੀਕ੍ਰਿਤ ਕੰਮਾਂ ਦੇ ਹਿਸੇ ਦੇ ਰੂਪ ਵਿਚ OHE ਸੰਸ਼ੋਧਨ ਕੰਮ।	3,08,13,925.15	30.11.2026 15:00 ਵਜੇ ਤਕ	6,16,300/-	12 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
ਕੰਮ ਦੀ ਸਮਾਨ ਨੇਚਰ ਉਪਰੋਕਤ ਦੋਵੇਂ ਨਿਵਿਦਾ ਨੰ.804ਸੀ, 809ਏ, 819 ਅਤੇ 824-ਟੀਆਰਡੀ-ਫਿਰੋਜ਼ਪੁਰ-2026-27 ਦੇ ਲਈ "50 ਹਰਟਜ਼, ਸਿੰਗਲ ਫੇਜ਼ 25 ਕੇਵੀ ਏਸੀ ਓਐਚਈ ਦਾ ਡਿਜ਼ਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ" (ਸੰਦਰਭ Pr. CEE/NR ਦੇ ਪੱਤਰ ਨੰਬਰ181-ਇਲੈਕਟ/ਟੀਆਰਡੀ/189 ਭਾਗ । । ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1).							
818-ਟੀਆਰਡੀ-ਫਿਰੋਜ਼ਪੁਰ-2026–27	ਫਿਰੋਜ਼ਪੁਰ ਮੰਡਲ ਦੇ ਸਾਹਨੇਵਾਲ (SNL) – ਅੰਮ੍ਰਿਤਸਰ (ASR) ਸੈਕਸ਼ਨ ਵਿਚ ਆਟੋ ਟੈਂਸ਼ਨਿੰਗ ਡਿਵਾਈਸ (ATD) ਦਾ ਆਵਧਿਕ ਓਵਰਹਾਲਿੰਗ (POH)	1,46,59,733.61	30.11.2026 15:00 ਵਜੇ ਤਕ	2,93,200/-	36 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
ਕੰਮ ਦੀ ਸਮਾਨ ਨੇਚਰ ਉਪਰੋਕਤ ਦੋਵੇਂ ਨਿਵਿਦਾ ਨੰਬਰ 818-TRD-FZR-2026-27 ਦੇ ਲਈ "50 ਹਰਟਜ਼, ਸਿੰਗਲ ਫੇਜ਼ 25 ਕੇਵੀ ਏਸੀ ਓਐਚਈ ਦਾ ਪੁਨਰਵਾਸ (rehabilitation)ਰਖਰਖਾਅ/ ਡਿਜ਼ਾਈਨ, ਸਪਲਾਈ, ਇਰੀਕੇਸ਼ਨ, ਟੇਸਟਿੰਗ ਅਤੇ ਕਮਿਸ਼ਨਿੰਗ" (ਸੰਦਰਭ Pr. CEE/NR ਦੇ ਪੱਤਰ ਨੰਬਰ181-ਇਲੈਕਟ/ਟੀਆਰਡੀ/189Pt. ।।, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.2).							
820-ਟੀਆਰਡੀ-ਫਿਰੋਜ਼ਪੁਰ-2026–27	ਫਿਰੋਜ਼ਪੁਰ ਮੰਡਲ ਦੇ TRD ਡਿਪੋ ਵਿਚ OHE ਅਤੇ PSI ਦੇ ਵਖ-ਵਖ ਪ੍ਰੀਖਸ਼ਣ ਅਤੇ ਮਾਪਨ ਉਪਕਰਣਾਂ ਦਾ ਅੰਸ਼ਾਂਕਨ (ਕੈਲਿਬ੍ਰੇਸ਼ਨ)	3,01,749.22	30.11.2026 15:00 ਵਜੇ ਤਕ	6,000/-	12 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
821-ਟੀਆਰਡੀ-ਫਿਰੋਜ਼ਪੁਰ-2026–27	ਫਿਰੋਜ਼ਪੁਰ ਮੰਡਲ ਦੇ ਟ੍ਰੈਕਸ਼ਨ ਸਬ-ਸਟੇਸ਼ਨਾਂ (TSS) ਤੇ CCTV ਨਿਗਰਾਨੀ ਪ੍ਰਣਾਲੀ ਦਾ ਪ੍ਰਬੰਧ	11,19,413.24	30.11.2026 15:00 ਵਜੇ ਤਕ	22,400/-	06 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
822-ਟੀਆਰਡੀ-ਫਿਰੋਜ਼ਪੁਰ-2026–27	ਪੰਜਾਬ ਦੇ ਤਰਨਤਾਰਨ ਜਿਲੇ ਵਿਚ ASR-KEMK ਸੈਕਸ਼ਨ 'ਤੇ NH–15 (54) ਦੇ ਕਿਮੀ 20.957 (NH-FZR-0062) ਤੇ ਸਥਿਤ ਲੇਵਲ ਕ੍ਰਾਸਿੰਗ ਨੰਬਰ S-25/E-2 ਪੁਰਾਣਾ (ਈ-25) ਤੇ 4-ਲੇਨ ROB (ਰੇਲਵੇ ਓਵਰ ਬ੍ਰਿਜ) ਦੀ ਉਸਾਰੀ ਦੇ ਸਬੰਧ ਵਿਚ, NHAI ਪ੍ਰੋਜੈਕਟਸ ਦੇ ਤਹਿਤ ਜਮਾ ਧਨਰਾਸ਼ੀ ਵਿਚ OHE (ਓਵਰਹੈਡ ਇਕਵਿਮੈਂਟ) ਵਿਚ ਬਦਲਾਅ ਦਾ ਕੰਮ।	7,96,906.64	30.11.2026 15:00 ਵਜੇ ਤਕ	15,900/-	06 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
823-ਟੀਆਰਡੀ-ਫਿਰੋਜ਼ਪੁਰ-2026-27	ਫਿਰੋਜ਼ਪੁਰ ਡਵੀਜ਼ਨ ਵਿਚ ਪੀਐਚ-29 ਅਤੇ 32 ਦੇ ਤਹਿਤ ਸਵੀਕ੍ਰਿਤ ਕੰਮਾਂ ਦੇ ਤਹਿਤ OHE ਸੰਸ਼ੋਧਨ ਦਾ ਕੰਮ, ਜਿਸ ਵਿਚ ਸ਼ਾਮਲ ਹੈ (i) DEN-III ਸੈਕਸ਼ਨ ਦੇ ਅਧਿਕਾਰ ਖੇਤਰ ਵਿਚ 20 ਲੇਵਲ ਕ੍ਰਾਸਿੰਗ ਤੇ ਸਟੈਂਡਬ੍ਰ ਡਯੂਟੀ ਹਟ ਦਾ ਪ੍ਰਬੰਧ ਕਰਨਾ, (ii) ਫਿਰੋਜ਼ਪੁਰ ਡਵੀਜ਼ਨ ਵਿਚ 50000 ਤੋਂ ਜਿਆਦਾ TVU ਵਾਲੇ 02 ਨਾਨ-ਇੰਟਰਲਾਕ ਲੇਵਲ ਕ੍ਰਾਸਿੰਗ ਗੇਟਾਂ ਦੀ ਇੰਟਰਲਾਕਿੰਗ ਅਤੇ (iii) ADEN-I/FZR ਦੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਵਖ-ਵਖ ਪੁਲਾਂ ਤੇ ਮੌਜੂਦਾ ਸਟੀਲ ਗਡ੍ਰਰ ਪੁਲਾਂ ਨੂੰ 9.15 ਮੀਟਰ ਤਕ ਦੇ ਸਪੈਨ ਵਾਲੇ PSC ਸਲੈਬ ਪੁਲਾਂ ਨਾਲ ਬਦਲਣਾ।	49,33,828.17	30.11.2026 15:00 ਵਜੇ ਤਕ	98,700/-	06 ਮਹੀਨੇ	30.11.2026 15:00 ਵਜੇ ਦੇ ਬਾਅਦ	www.ireps.gov.in
ਕੰਮ ਦੀ ਸਮਾਨ ਨੇਚਰ ਉਪਰੋਕਤ ਨਿਵਿਦਾ ਨੰਬਰ 820, 821, 822 ਅਤੇ 823-ਟੀਆਰਡੀ-ਫਿਰੋਜ਼ਪੁਰ-2026-27 ਦੇ ਲਈ: ਟੈਂਡਰ ਦਾ ਵਿਗਿਆਪਤ ਮੂਲ ਰੁ 50.00 ਲਖ ਤੋਂ ਘੱਟ ਹੋਣ ਦੇ ਕਾਰਨ ਲਾਗੂ ਨਹੀਂ।							

ਨੰ.: 804B, 809A, 818, 819, 820, 821, 822, 823ਅਤੇ 824—ਟੀਆਰਡੀ-ਫਿਰੋਜ਼ਪੁਰ-2026-27 ਮਿਤੀ: 06.11.2026 3892/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਕਾਂਗਰਸ ਟਿਕਟ ਚਾਹਵਾਨਾਂ ਦੀ ਲਿਸਟ ਲੰਬੀ ਹੋਣ ਲੱਗੀ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)- 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੁਸ਼ਿਆਰਪੁਰ ਸੀਟ ਤੇ ਕਾਂਗਰਸ ਵਿੱਚ ਹਲਚਲ ਤੇਜ਼ ਹੋ ਗਈ ਹੈ। ਹਾਈਕਮਾਨ ਵੱਲੋਂ ਨਵੇਂ ਆਬਜ਼ਰਵਰਾਂ ਦੀ ਨਿਯੁਕਤੀ ਅਤੇ ਪ੍ਰਗਟ ਸਿੰਘ ਦੇ ਪੰਜਾਬ ਪ੍ਰਧਾਨ ਬਣਨ ਤੋਂ ਬਾਅਦ ਜ਼ਿਲ੍ਹਾ ਪੱਧਰ ਤੇ ਟਿਕਟ ਦੇ ਚਾਹਵਾਨ ਆਗੂਆਂ ਨੇ ਸਰਗਰਮੀ ਵਧਾ ਦਿੱਤੀ ਹੈ।

● ਅਰੋੜਾ, ਵਿਸ਼ਵਾਨਾਥ ਬੰਟੀ, ਅਮਰਪਾਲ ਕਾਕਾ, ਐਡਵੋਕੇਟ ਜੋਸ਼ੀ ਟਿਕਟ ਚਾਹਵਾਨਾਂ ਦੀ ਦੌੜ 'ਚ ਸ਼ਾਮਲ

ਹੁਸ਼ਿਆਰਪੁਰ ਵਿਧਾਨ ਸਭਾ ਹਲਕਾ ਜਿੱਥੋਂ ਕਿ ਇਸ ਸਮੇਂ ਆਮ ਆਦਮੀ ਪਾਰਟੀ ਦੇ ਬ੍ਰਹਮ ਸ਼ੰਕਰ ਜਿੰਪਾ ਵਿਧਾਇਕ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੰਪਾ ਨੇ ਇਹ ਸੀਟ ਕਾਂਗਰਸ ਦੇ ਸੁੰਦਰ ਸ਼ਾਮ ਅਰੋੜਾ ਨੂੰ ਹਰਾਕੇ ਜਿਤੀ ਸੀ। ਉਸ ਸਮੇਂ ਮੁਕਾਬਲੇ ਦੌਰਾਨ ਬ੍ਰਹਮ ਸ਼ੰਕਰ ਜਿੰਪਾ ਨੂੰ 51,112 ਵੋਟਾਂ ਸੁੰਦਰ ਸ਼ਾਮ ਅਰੋੜਾ ਨੂੰ 37,253 ਅਤੇ ਤੀਕਸ਼ਨ ਸੂਦ ਨੂੰ 23,973 ਵੋਟਾਂ ਪੋਲ ਹੋਈਆਂ ਸਨ ਜਦਕਿ ਬਹੁਜਨ ਸਮਾਜ ਪਾਰਟੀ ਦੇ ਵਰਿੰਦਰ ਪਰਹਾਰ 12087 ਵੋਟਾਂ ਨਾਲ ਚੌਥੇ ਨੰਬਰ ਤੇ ਰਹੇ ਸਨ। ਇਸ ਤਰਾਂ ਜਿੰਪਾ ਨੇ ਇਹ ਸੀਟ 13,859 ਵੋਟਾਂ ਦੇ ਫਰਕ ਨਾਲ ਜਿਤੀ ਸੀ ਅਤੇ ਆਮ ਆਦਮੀ ਪਾਰਟੀ ਦੀ ਵਿਧਾਨ ਸਭਾ ਹੁਸ਼ਿਆਰਪੁਰ ਤੋਂ ਪਹਿਲੀ ਵਾਰ ਜਿੱਤ ਹੋਈ ਸੀ।ਜੇਕਰ 2017 ਦੇ ਨਤੀਜਿਆਂ ਤੇ ਨਜ਼ਰ ਮਾਰੀਏ ਤਾਂ ਸੁੰਦਰ ਸ਼ਾਮ ਅਰੋੜਾ ਕਾਂਗਰਸ ਨੂੰ 49,951 ਤੀਕਸ਼ਨ ਸੂਦ ਭਾਜਪਾ 38,718 ਅਤੇ ਪਰਮਜੀਤ ਸਚਦੇਵਾ ਆਪ ਨੂੰ 27,481 ਵੋਟਾਂ ਪੋਲ ਹੋਈਆਂ ਸਨ।ਕਾਂਗਰਸ ਦਾ ਗੜ ਮੰਨੀ ਜਾਂਦੀ ਵਿਧਾਨ ਸਭਾ ਹੁਸ਼ਿਆਰਪੁਰ ਦੀ ਸੀਟ ਜਿਥੇ 8 ਬਾਰ ਕਾਂਗਰਸ ਜੇਤੂ ਰਹੀ ਹੈ, ਕਾਂਗਰਸ ਇਸ ਵਾਰ ਸੀਟ ਵਾਪਸ ਲੈਣ ਲਈ ਪੂਰੀ ਤਾਕਤ ਲਾ ਰਹੀ ਹੈ। ਭਾਵੇਂ ਕਿ 2022 ਵਿੱਚ ਇਥੇ ਕਾਂਗਰਸ ਦੇ ਸੁੰਦਰ ਸ਼ਾਮ ਅਰੋੜਾ 37,253 ਵੋਟਾਂ ਨਾਲ ਦੂਜੇ ਨੰਬਰ ਤੇ ਰਹੇ ਸਨ । ਜੇਕਰ ਹੁਣ ਤੱਕ ਹੋਈਆਂ ਚੋਣਾਂ ਤੇ ਪੰਛੀ ਝਾਤ ਮਾਰੀਏ ਤਾਂ ਵਿਧਾਨ ਸਭਾ ਹੁਸ਼ਿਆਰਪੁਰ ਤੋਂ 8 ਬਾਰ ਕਾਂਗਰਸ,3 ਬਾਰ ਭਾਜਪਾ ਅਤੇ ਇਕ ਬਾਰ ਆਪ ਜੇਤੂ ਰਹੀ ਹੈ। 1952 ਵਿੱਚ ਵਿਧਾਨ ਸਭਾ ਹੁਸ਼ਿਆਰਪੁਰ ਤੋਂ ਜਗਤ ਰਾਮ, ਗੁਰਾਂ ਦਾਸ , 1957 ਬਲਵੀਰ ਸਿੰਘ ਅਜਾਦ, 1962 ਬਾਲ ਕਿਸ਼ਨ ਕਾਂਗਰਸ, 1967 ਬਲਵੀਰ ਸਿੰਘ ਸਮਯੁਕਤਾ ਸ਼ੋਸ਼ਲਿਸਟ ਪਾਰਟੀ, 1972 ਕੁੰਦਨ ਸਿੰਘ ਕਾਂਗਰਸ, 1977 ਓਮ ਪ੍ਰਕਾਸ਼ ਜਨਤਾ ਪਾਰਟੀ, 1980 ਕੁੰਦਨ ਸਿੰਘ ਕਾਂਗਰਸ, 1985 ਮੋਹਨ ਲਾਲ ਕਾਂਗਰਸ, 1992 ਨਰੇਸ਼ ਕੁਮਾਰ ਕਾਂਗਰਸ, 1997 , 2002, 2007 ਲਗਾਤਾਰ ਤੀਕਸ਼ਨ ਸੂਦ ਭਾਜਪਾ, 2012 ਸੁੰਦਰ ਸ਼ਾਮ ਅਰੋੜਾ ਕਾਂਗਰਸ, 2017 ਸੁੰਦਰ ਸ਼ਾਮ ਅਰੋੜਾ ਕਾਂਗਰਸ ਅਤੇ 2022 ਵਿੱਚ ਇਹ ਸੀਟ ਬ੍ਰਹਮ ਸ਼ੰਕਰ ਜਿੰਪਾ ਆਪ ਨੇ ਜਿੱਤੀ। ਬਾਰ ਬਾਰ ਹੋ ਰਹੀ ਈ ਡੀ ਦੀ ਜਾਂਚ ਵਿਚ ਘਿਰੇ ਸੁੰਦਰ ਸ਼ਾਮ ਅਰੋੜਾ ਭਾਵੇਂ ਕਿ ਪੂਰੀ ਤਾਕਤ ਨਾਲ ਆਪਣੇ ਆਪ ਨੂੰ ਚੋਣ ਮੁਹਿਮ ਵਿੱਚ ਰੁੱਝੇ ਹੋਣ ਦਾ ਪ੍ਰਦਰਸ਼ਨ ਕਰ ਰਹੇ ਹਨ, ਜੇਕਰ ਈ ਡੀ ਜਾਂਚ ਦੇ ਚਲਦਿਆਂ ਕਾਂਗਰਸ ਕੋਈ ਨਵਾਂ ਉਮੀਦਵਾਰ ਸਾਹਮਣੇ ਲਿਆਉਂਦੀ ਹੈ ਤਾਂ ਕਾਂਗਰਸ ਦੇ ਸਰਗਰਮ ਯੂਥ ਆਗੂ ਵਿਸ਼ਵਾਨਾਥ ਬੰਟੀ ਦਾ ਨਾਮ ਹੁਸ਼ਿਆਰਪੁਰ ਵਿੱਚ ਚਰਚਿਤ ਨਾਵਾਂ ਵਿੱਚ ਹੈ। ਜਿਸ ਤਰਾਂ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਯੂਥ ਨੂੰ ਮੌਕੇ ਦੇਣ ਦੀ ਗੱਲ ਕਹੀ ਜਾ ਰਹੀ ਹੈ ਤਾਂ ਵਿਸ਼ਵਾਨਾਥ ਬੰਟੀ ਤੋਂ ਇਲਾਵਾ ਅਮਰਪਾਲ ਕਾਕਾ ਅਤੇ ਯੂਥ ਆਗੂ ਐਡਵੋਕੇਟ ਰੋਹਿਤ ਜੋਸ਼ੀ ਦਾ ਨਾਂਅ ਵੀ ਵਿਧਾਨ ਸਭਾ ਹੁਸ਼ਿਆਰਪੁਰ ਦੀ ਸੀਟ ਲਈ ਚਰਚਿਤ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਜ਼ਿਲਾ ਪ੍ਰਧਾਨ ਦਲਜੀਤ ਸਿੰਘ ਗਿਲਜੀਆਂ ਵੀ ਟਿਕਟ ਦੇ ਚਾਹਵਾਨ ਆਗੂਆਂ ਦੀ ਦੌੜ ਵਿੱਚ ਸ਼ਾਮਿਲ ਹਨ।ਸੂਤਰਾਂ ਮੁਤਾਬਕ ਪਿਛਲੇ ਇੱਕ ਮਹੀਨੇ ਤੋਂ ਹਰ ਬੂਥ ਕਾਂਗਰਸ ਮਜ਼ਬੂਤ ਮੁਹਿਮ ਤਹਿਤ ਮੀਟਿੰਗਾਂ ਲਗਾਤਾਰ ਹੋ ਰਹੀਆਂ ਹਨ ਅਤੇ ਇਸੇ ਦੌਰਾਨ ਕਈ ਯੂਥ ਕਾਂਗਰਸ ਦੇ ਆਗੂ ਟਿਕਟ ਲਈ ਦਾਅਵੇਦਾਰੀ ਪੇਸ਼ ਕਰ ਰਹੇ ਹਨ।ਜ਼ਿਲ੍ਹਾ ਕਾਂਗਰਸ ਦੀ ਸੰਗਠਨਾਤਮਕ ਮੀਟਿੰਗ ਵਿੱਚ ਵੀ ਪ੍ਰਦੇਸ਼ ਆਗੂਆਂ ਨੇ ਸਾਫ਼ ਕਿਹਾ ਸੀ ਕਿ ਵਰਕਰ ਹੁਣੇ ਤੋਂ 2027 ਦੀ ਤਿਆਰੀ ਵਿੱਚ ਜੁੱਟ ਜਾਣ। ਹੁਣ ਦੇਖਣਾ ਇਹ ਹੋਵੇਗਾ ਕਿ ਹਾਈਕਮਾਨ ਕਿਸੇ ਪੁਰਾਣੇ ਚਿਹਰੇ ਤੇ ਦਾਅ ਲਾਉਂਦੀ ਹੈ ਜਾਂ ਕਿਸੇ ਨਵੇਂ ਚਿਹਰੇ ਨੂੰ ਮੌਕਾ ਦਿੰਦੀ ਹੈ।



ਛਿੰਝ ਮੇਲੇ 'ਚ ਪਹਿਲਵਾਨ ਨਿਰਮਲ ਸਿੰਘ ਆਸਫਪੁਰ ਸਨਮਾਨਤ



ਦਸੂਹਾ (ਕਰਨੈਲ ਮਾਂਗਟ)- ਵਿਧਾਨ ਸਭਾ ਦਸੂਹਾ ਦੇ ਇਤਿਹਾਸਿਕ ਪਿੰਡ ਬੋਦਲ ਵਿਖੇ ਸਮੂਹ ਨਗਰ ਨਿਵਾਸੀ , ਪੰਚਾਇਤ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ 40 ਵੇਂ ਲੱਖ ਦਾਤਾ ਛਿੰਝ ਮੇਲੇ ਤੇ ਸਭਿਆਚਾਰਕ ਮੇਲਾ ਕਰਵਾਇਆ ਗਿਆ ਜਿਸ ਵਿੱਚ ਸਮਾਜ ਸੇਵੀ ਅੰਤਰ ਰਾਸ਼ਟਰੀ ਪਹਿਲਵਾਨ ਨਿਰਮਲ ਸਿੰਘ ਆਸਫ਼ਪੁਰ ਨੇ ਸਾਥੀਆਂ ਸਮੇਤ ਹਾਜ਼ਰੀ ਲਗਵਾਈ। ਇਸ ਮੌਕੇ ਤੇ ਵੱਡੀ ਰੁਮਾਲੀ ਰੂਬਲ ਖੰਨਾ ਅਤੇ ਅਜੇ ਕੈਥਲ ਵਿੱਚਕਾਰ ਹੋਈ। ਜਿਸ ਵਿੱਚ ਰੂਬਲ ਖੰਨਾ ਜੇਤੂ ਰਿਹਾ ਅਤੇ ਵੱਡੀ ਰੁਮਾਲੀ 1,11,000 ਦਾ ਇਨਾਮ ਪ੍ਰਾਪਤ ਕੀਤਾ । ਇਸ ਮੌਕੇ ਸਾਬਕਾ ਸਰਪੰਚ ਵੀਰਇੰਦਰ ਸਿੰਘ ਮਛਿਆਣਾ, ਪ੍ਰਗਟ ਸਿੰਘ ਮਛਿਆਣਾ, ਲੰਬਰਦਾਰ ਗੁਰਜੀਤ ਸਿੰਘ, ਮਹੰਤ ਸੌਦਾਗਰ ਸਿੰਘ, ਅਮਨਪ੍ਰੀਤ ਸਿੰਘ (ਮੰਨਾ), ਬਲਵਿੰਦਰ ਸਿੰਘ,ਡਾ. ਸੱਤਪਾਲ ਸਿੰਘ, ਠਾਕੁਰ ਬੇਕਰੀ ਸੁਰਿੰਦਰ, ਠਾਕੁਰ ਵਾਸ ਦੇਵ, ਆਦਿ ਹਾਜ਼ਰ ਸਨ। ਅੰਤਰਰਾਸ਼ਟਰੀ ਪਹਿਲਵਾਨ ਨਿਰਮਲ ਸਿੰਘ ਆਸਫਪੁਰ ਨੂੰ ਪ੍ਰਬੰਧਕ ਕਮੇਟੀ ਨੇ ਸਨਮਾਨਤ ਵੀ ਕੀਤਾ।


ਮੇਹਰ ਚੰਦ ਪੌਲੀਟੈਕਨਿਕ ਕਾਲਜ ਵੱਲੋਂ ਰੋਬੋਟਿਕਸ ਤੇ ਆਈ ਓ ਟੀ ਵਰਕਸ਼ਾਪ



ਜਲੰਧਰ (ਸ਼ੈਲੀ ਐਲਬਰਟ)- ਮੇਹਰ ਚੰਦ ਪੌਲੀਟੈਕਨਿਕ ਕਾਲਜ ਵੱਲੋਂ ਪੀ ਐਮ ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਇੱਕ ਰੋਜ਼ਾ ਰੋਬੋਟਿਕਸ ਅਤੇ ਆਈਓਟੀ ਵਰਕਸ਼ਾਪ ਦਾ ਆਯੋਜਨ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਅਗਵਾਈ, ਮਾਰਗਦਰਸ਼ਨ ਅਤੇ ਸਹਿਯੋਗ ਤੇ ਈ ਸੀ ਈ ਵਿਭਾਗ ਦੇ ਇੰਚਾਰਜ ਇੰਜੀਨੀਅਰ ਮਨੀਸ਼ ਸਚਦੇਵਾ ਦੇ ਨਿਰਦੇਸ਼ਾਂ ਹੇਠ ਮੇਹਰ ਚੰਦ ਪੌਲੀਟੈਕਨਿਕ ਕਾਲਜ ਜਲੰਧਰ ਦੇ ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ (ਈ ਸੀ ਈ) ਵਿਭਾਗ ਵੱਲੋਂ ਪੀ ਐਮ ਸ੍ਰੀ ਸਰਕਾਰੀ ਹਾਈ ਸਕੂਲ ਸ਼ੇਖੇ ਪਿੰਡ ਜਲੰਧਰ ਦੇ ਵਿਦਿਆਰਥੀਆਂ ਲਈ ਇੱਕ ਰੋਜ਼ਾ ਪ੍ਰੈਕਟੀਕਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਨੂੰ ਉੱਭਰ ਰਹੀਆਂ ਆਧੁਨਿਕ ਤਕਨੀਕਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਵਿੱਚ ਵਿਹਾਰਕ ਤਕਨੀਕੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਸੀ। ਵਰਕਸ਼ਾਪ ਦੇ ਤਕਨੀਕੀ ਸੈਸ਼ਨ ਦੀ ਸ਼ੁਰੂਆਤ ਇੰਜੀਨੀਅਰ ਮਨੀਸ਼ ਸਚਦੇਵਾ ਅਤੇ ਇੰਜੀਨੀਅਰ ਗਗਨਦੀਪ, ਟ੍ਰੇਨਿੰਗ ਅਤੇ ਪਲੇਸਮੈਂਟ ਅਫ਼ਸਰ (ਟੀ ਪੀ ਓ) ਵੱਲੋਂ ਜਾਣਕਾਰੀ ਭਰਪੂਰ ਪਾਵਰਪੁਆਇੰਟ ਪੇਸ਼ਕਾਰੀਆਂ ਰਾਹੀਂ ਕੀਤੀ ਗਈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਲੈਕਟ੍ਰਾਨਿਕਸ, ਰੋਬੋਟਿਕਸ ਅਤੇ ਇੰਟਰਨੈੱਟ ਆਫ਼ ਥਿੰਗਜ਼ (ਆਈ ਓ ਟੀ) ਦੀਆਂ ਮੁੱਢਲੀਆਂ ਧਾਰਨਾਵਾਂ ਅਤੇ ਉਨ੍ਹਾਂ ਦੇ ਵੱਖ-ਵੱਖ ਉਪਯੋਗਾਂ ਬਾਰੇ ਜਾਣੂ ਕਰਵਾਇਆ। ਪੇਸ਼ਕਾਰੀਆਂ ਤੋਂ ਬਾਅਦ ਵਿਦਿਆਰਥੀਆਂ ਨੂੰ ਰੋਬੋਟਿਕਸ ਅਤੇ ਆਈ ਓ ਟੀ ਨਾਲ ਸਬੰਧਤ ਲਾਈਵ ਡੈਮੋ ਅਤੇ ਪ੍ਰੈਕਟੀਕਲ ਪ੍ਰਯੋਗ ਕਰਵਾਏ ਗਏ। ਵਿਦਿਆਰਥੀਆਂ ਨੇ ਸਾਰੇ ਪ੍ਰੈਕਟੀਕਲ ਸੈਸ਼ਨਾਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਤਕਨਾਲੋਜੀ ਦੀ ਦੁਨੀਆ ਨੂੰ ਜਾਣਨ ਵਿੱਚ ਡੂੰਘੀ ਦਿਲਚਸਪੀ ਦਿਖਾਈ। ਵਰਕਸ਼ਾਪ ਦੇ ਸਮਾਪਤੀ ਸਮਾਰੋਹ ਦੌਰਾਨ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਵਿੱਚ ਵਿਗਿਆਨਕ ਜਿਗਿਆਸਾ, ਰਚਨਾਤਮਕਤਾ ਅਤੇ ਤਕਨੀਕੀ ਹੁਨਰ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ।

ਦੀਵਾਲੀ, ਗੁਰਪੁਰਬ, ਕ੍ਰਿਸਮਸ ਅਤੇ ਨਵੇਂ ਸਾਲ 'ਤੇ ਪਟਾਖੇ ਚਲਾਉਣ ਲਈ ਸਮਾਂ ਨਿਰਧਾਰਤ

ਕਪੂਰਥਲਾ (ਮਨਜੀਤ ਮਾਨ)- ਵਧੀਕ ਜ਼ਿਲ੍ਹਾ ਮੈਜਿਸਟਰੇਟ ਸ਼ਿਖਾ ਭਗਤ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ-2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਕਪੂਰਥਲਾ ਦੀ ਹਦੂਦ ਅੰਦਰ ਦੀਵਾਲੀ, ਗੁਰਪੁਰਬ, ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਹਾੜੇ 'ਤੇ ਪਟਾਖੇ/ਆਤਿਸ਼ਬਾਜੀ ਚਲਾਉਣ ਦਾ ਸਮਾਂ ਨਿਰਧਾਰਿਤ ਕੀਤਾ ਹੈ। ਇਸ ਨਿਰਧਾਰਿਤ ਸਮੇਂ ਤੋਂ ਬਾਅਦ ਜਾਂ ਪਹਿਲਾ ਪਟਾਖੇ/ਆਤਿਸ਼ਬਾਜੀ ਚਲਾਉਣ 'ਤੇ ਪੂਰਨ ਪਾਬੰਦੀ ਰਹੇਗੀ। ਜਾਰੀ ਹੁਕਮਾਂ ਅਨੁਸਾਰ 8 ਨਵੰਬਰ ਨੂੰ ਦੀਵਾਲੀ ਮੌਕੇ ਸ਼ਾਮ 8 ਵਜੇ ਤੋਂ ਰਾਤ 10 ਵਜੇ ਤੱਕ , ਗੁਰਪੁਰਬ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ) ਮੌਕੇ 24 ਨਵੰਬਰ ਨੂੰ ਤੜਕਸਾਰ 4 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ, 25 ਦਸੰਬਰ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਰਾਤ 11.55 ਵਜੇ ਤੋਂ ਰਾਤ 12.30 ਵਜੇ ਤੱਕ ਸਮਾਂ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਾਈਲੈਂਸ ਜ਼ੋਨ ਜਿਵੇਂ ਕਿ ਹਸਪਤਾਲ, ਸਿੱਖਿਆ ਸੰਸਥਾਵਾਂ, ਅਦਾਲਤਾਂ ਅਤੇ ਧਾਰਮਿਕ ਸਥਾਨਾਂ ਆਦਿ ਦੇ 100 ਮੀਟਰ ਦੇ ਘੇਰੇ ਦੇ ਅੰਦਰ ਪਟਾਖੇ ਚਲਾਉਣ ਦੀ ਇਜਾਜ਼ਤ ਨਹੀਂ ਹੋਵੇਗੀ।



ਫਰਜੰਦ ਅਵੀਰਾਜ ਸਿੰਘ
(ਪੋਤਰਾ ਗੁਰਪ੍ਰਤਾਪ ਸਿੰਘ)
ਸੀਨੀਅਰ ਸਹਾਇਕ, ਅੰਮ੍ਰਿਤਸਰ



ਹਰਸਿਮਰਨ ਕੌਰ, ਗੁਰਸਿਮਰਨ ਕੌਰ
ਵਾਸੀ ਕੋਟਲਾ ਖੁਰਦ (ਖੁਸ਼ੀਪੁਰ)
ਅੰਮ੍ਰਿਤਸਰ

ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਇਲਾਕੇ ਦੀਆਂ ਵੱਖ ਵੱਖ ਸਖਸ਼ੀਅਤਾਂ ਵੱਲੋਂ ਦੀਵਾਲੀ ਤੇ ਬੰਦੀਛੋੜ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ ਇਸ ਵਾਰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਗਿਆ ਹੈ।ਇਸ ਸੰਬੰਧੀ ਅਦਾਰਾ ਨਵਾਂ ਜ਼ਮਾਨਾ ਨਾਲ ਗੱਲ ਕਰਦੇ ਹੋਏ ਪ੍ਰਿੰਸੀਪਲ ਹਰਪਿੰਦਰ ਪਾਲ ਸਿੰਘ ਸੰਧੂ, ਸਰਪੰਚ ਸੁੱਖ ਬਾਜਵਾ, ਜਸਪਾਲ ਸਿੰਘ ਸਰਪੰਚ, ਹਰਜੀਤ ਸਿੰਘ ਬਾਜਵਾ, ਭੁਪਿੰਦਰ ਸਿੰਘ ਮਾਨ, ਜਤਿੰਦਰ ਸਿੰਘ ਭੁੱਲਰ, ਸਰਪੰਚ ਸਚਨਦੀਪ ਸਿੰਘ ਬਾਠ, ਜਸਬੀਰ ਸਿੰਘ ਸਰਪੰਚ ਤੇ ਗੁਰਿੰਦਰ ਸਿੰਘ ਮਾਨ ਨੇ ਕਿਹਾ ਕਿ ਦੀਵਾਲੀ ਰੌਸ਼ਨੀਆਂ ਤੇ ਖੁਸ਼ੀਆਂ ਦਾ ਪਾਵਨ ਤਿਉਹਾਰ ਹੈ ਤੇ ਇਸਨੂੰ ਰਲ਼ਮਿਲ ਕੇ ਪਿਆਰ ਮੁਹੱਬਤ ਤੇ ਸਦਭਾਵਨਾ ਤਹਿਤ ਮਨਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਖਤਰਨਾਕ ਪਟਾਕਿਆਂ ਤੇ ਆਤਿਸ਼ਬਾਜ਼ੀ ਨਾਲ ਜਿੱਥੇ ਵਾਤਾਵਰਣ ਬੇਹੱਦ ਗੰਧਲਾ ਹੁੰਦਾ ਹੈ ਉਥੇ ਨਾਲ ਹੀ ਆਏ ਸਾਲ ਕੋਈ ਨਾ ਕੋਈ ਦੁਰਘਟਨਾਵਾਂ ਵੀ ਵਾਪਰਦੀਆਂ ਰਹਿੰਦੀਆਂ ਹਨ।ਉਨ੍ਹਾਂ ਇਸ ਸੰਬੰਧੀ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕਿ ਦੀਵਾਲੀ ਮੌਕੇ ਅਜਿਹੀ ਖਤਰਨਾਕ ਸਮੱਗਰੀ ਵੇਚਣ ਵਾਲਿਆਂ ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਬਜਾਜ ਫਾਈਨਾਂਸ ਲਿਮਟਿਡ

BAJAJ FINANCE

ਰਜਿਸਟਰਡ ਦਫ਼ਤਰ: ਬਜਾਜ ਫਾਈਨਾਂਸ ਲਿਮਟਿਡ, ਮਾਰਫਤ ਬਜਾਜ ਆਟੋ ਲਿਮਟਿਡ ਕੰਪਲੈਕਸ ਮੁੰਬਈ ਪੁਨੇ ਰੋਡ ਅਕੁਰਡੀ ਪੁਨੇ-411035
ਸ਼ਾਖਾ ਦਫ਼ਤਰ: ਬਜਾਜਾ ਫਾਈਨਾਂਸ ਲਿਮਟਿਡ, ਪਠਾਨਕੋਟ, ਪੰਜਾਬ-145022
ਸ਼ਾਖਾ ਦਫ਼ਤਰ: ਬਜਾਜਾ ਫਾਈਨਾਂਸ ਲਿਮਟਿਡ, ਕਰਿਸਟਲ ਪਲਾਜ਼ਾ, ਐਸ ਸੀ ਓ 63 64, ਸਾਹਮਣੇ ਪਿਮਸ ਹਸਪਤਾਲ, ਜਲੰਧਰ-144001

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਨਿਮਨਹਸਤਾਖਰੀ ਨੇ ਮੈਸ : ਬਜਾਜ ਫਾਈਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਨੋਟਿਸ ਦਿੱਤਾ ਹੈ ਜੋ ਕਿ ਆਪਣੀਆਂ ਦੇਣਦਾਰੀਆਂ ਨਿਪਟਾਉਣ 'ਚ ਅਸਫਲ ਰਹੇ ਹਨ, ਜੋ ਕਿ ਬਜਾਜ ਫਾਇਨਾਂਸ ਲਿਮਟਿਡ ਵੱਲੋਂ ਹੋਮ ਲੋਨ/ਜਾਇਦਾਦ ਵਿਰੁੱਧ ਲੋਨ ਦੇ ਰੂਪ 'ਚ ਪੇਸ਼ਗੀ ਦਿੱਤੇ ਗਏ ਮੂਲ ਦੇ ਨਾਲ-ਨਾਲ ਇਸ ਉੱਪਰ ਵਿਆਜ ਅਤੇ ਹੋਰ ਚਾਰਜਿਜ਼ ਦੀ ਵਾਪਸ ਅਦਾਇਗੀ ਕਰਨ 'ਚ ਅਸਫਲ ਰਹੇ ਹਨ ਅਤੇ ਨਤੀਜੇ ਵਜੋਂ ਲੋਨ ਨਾਨ ਪ੍ਰਫਾਰਮਿੰਗ ਐੱਸਟਸ ਹੋ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਤੇ ਇਸ ਦੇ ਰੂਲਜ਼ ਅਨੁਸਾਰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਬਕਾਇਦਾ ਨੋਟਿਸ ਜਾਰੀ ਕੀਤੇ ਸਨ, ਬੇਸ਼ੱਕ ਉਹ ਬਿਨਾਂ ਤਾਮੀਲ/ਅਣਵੰਡੇ ਵਾਪਸ ਆ ਗਏ ਹਨ, ਇਸ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਇਸ ਪ੍ਰਕਾਸ਼ਨਾ ਨੋਟਿਸ ਰਾਹੀਂ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਪ੍ਰਾਪਤ ਕੀਤੀਆਂ ਗਈਆਂ ਕਰਜ਼ਾ ਸਹੂਲਤਾਂ ਦੇ ਬਕਾਏ ਨਿਪਟਾਉਣ ਲਈ ਸੂਚਨਾ/ਜਾਣਕਾਰੀ ਦਿੱਤੀ ਗਈ ਹੈ।

ਕਰਜ਼ਾ ਖਾਤਾ ਨੰ./ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਗਰੰਟਰਾਂ ਦੇ ਨਾਂਅ ਅਤੇ ਪਤੇ	ਸਕਿਉਰਡ/ਰਹਿਣ ਅਚੱਲ ਐੱਸਟ/ਜਾਇਦਾਦ ਜੋ ਲਾਗੂ ਕੀਤੀ ਜਾਣੀ ਹੈ/ਦਾ ਪਤਾ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ
ਸ਼ਾਖਾ: ਪਠਾਨਕੋਟ ਐਲ ਏ ਐਨ : ਪੀ 520 ਪੀ ਬੀ ਐਲ 3238339 1. ਵਿਸ਼ਵਕਰਮਾ ਆਟੋਮੋਬਾਈਲ ਰਾਹੀਂ ਇਸ ਦੇ ਮਾਲਕ ਪ੍ਰਿਥੀ ਸਿੰਘ ਵਾਸੀ ਕਾਲਪੁਲ ਲਹਿਰੋਂ ਰੋਡ, ਦੁਨੇਰਾ, ਪਠਾਨਕੋਟ, ਪੰਜਾਬ-145022 ਸੰਪਰਕ: 9780274143, ਈਮੇਲ: autoo@gmail.com ਨਾਲ ਹੀ: ਵਾਸੀ ਪਿੰਡ ਤੁਪਰ, ਡਾਕ. ਦੁਨੇਰਾ, ਜ਼ਿਲ੍ਹਾ ਪਠਾਨਕੋਟ, ਪੰਜਾਬ-145022 2. ਪ੍ਰਿਥੀ ਸਿੰਘ ਪੁੱਤਰ ਅਰਜੁਨ ਸਿੰਘ ਵਾਸੀ ਡਾਕ. ਕੁਨੇਰਾ ਤੁਪਰ, ਗੁਰਦਾਸਪੁਰ, ਪਠਾਨਕੋਟ, ਪੰਜਾਬ-145022, ਸੰਪਰਕ: 97802 74143, ਈਮੇਲ: autoo@Gmail.com 3. ਸੁਰੇਸ਼ ਦੇਵੀ ਪਤਨੀ ਪ੍ਰਿਥੀ ਸਿੰਘ ਵਾਸੀ ਤੁਪਰ ਗੁਰਦਾਸਪੁਰ ਪਠਾਨਕੋਟ, ਪੰਜਾਬ 145022, ਸੰਪਰਕ: 9780274143, ਈਮੇਲ: autoo@Gmail.com	ਖੇਵਟ ਨੰ: 21, ਖਤੌਨੀ ਨੰ: 29, ਖਸਰਾ ਨੰ: 281/27 (2-10) ਨਾਲ ਸੰਬੰਧਤ ਸਭ ਕੁਝ ਵਾਕਿਆ ਰਬਕਾ ਪਿੰਡ ਭਾਨਗੁੱਡੀ ਟਿੱਕਾ ਤੁਪਾਰ, ਤਹਿਸੀਲ ਧਾਰ ਕਲਾਂ, ਜ਼ਿਲ੍ਹਾ ਪਠਾਨਕੋਨਟ 145022 ਸਮੇਤ ਸਾਂਝੇ ਖੇਤਰਾਂ 'ਚ ਅਨੁਪਾਤਕ ਹਿੱਸਾ (ਖੇਤਰ ਰਕਬਾ 1621 ਵਰਗ ਫੁੱਟ) ਹੱਦਾਂ: ਪੂਰਬ: ਸੜਕ 12 ਫੁੱਟ ਚੌੜੀ, ਪੱਛਮ: ਰਤਨ ਸਿੰਘ, ਉੱਤਰ: ਤਿਲਕ ਸਿੰਘ, ਦੱਖਣ: ਗਲੀ 6 ਫੁੱਟ ਚੌੜੀ ਅਤੇ ਰੂਪ ਸਿੰਘ।	17.10.2026 ਰੁਪਏ 20,39,746.66 (ਵੀਹ ਲੱਖ ਉਨਤਾਲੀ ਹਜ਼ਾਰ ਸੱਤ ਸੌ ਛਿਆਲੀ ਰੁਪਏ ਅਤੇ ਛਿਆਹਠ ਪੈਸੇ ਕੇਵਲ) 17.10.2026 ਨੂੰ
ਸ਼ਾਖਾ: ਪਠਾਨਕੋਟ ਐਲ ਏ ਐਨ : ਪੀ 438 ਪੀ ਬੀ ਐਲ 10208377 1. ਹੰਸ ਰਾਜ ਰਾਣਾ ਪੁੱਤਰ ਜੋਗਿੰਦਰ ਪਾਲ ਵਾਸੀ ਬੀ-IX-437 ਸੰਤੋਖਪੁਰਾ, ਜਲੰਧਰ, ਪੰਜਾਬ-144004, ਸੰਪਰਕ: 9814062931, ਈਮੇਲ ਆਈ ਡੀ : hans.rana43@gmail.com ਨਾਲ ਹੀ: ਖੱਤਾ ਨੰ: 1009/1238 ਤੋਂ 1240, 1010/1241, ਖਸਰਾ ਨੰ: 2657/582 ਮਿਨ 2657/582 ਮਿਨ, 2658/582, 112, ਚੱਕ ਹੁਸੈਨਾ ਲੰਮਾ ਪਿੰਡ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144001 2. ਮਧੂ ਰਾਣਾ ਪਤਨੀ ਹੰਸ ਰਾਜ ਵਾਸੀ ਮਕਾਨ ਨੰ: ਬੀ 9-437 ਹੁਸ਼ਿਆਰਪੁਰ ਰੋਡ, ਸੰਤੋਖਪੁਰਾ ਜਲੰਧਰ, ਪੰਜਾਬ-144001, ਸੰਪਰਕ: 9988257313, ਈਮੇਲ ਆਈ ਡੀ: hans.rana43@gmail.com	ਖੱਤਾ ਨੰ: 1009/1238 ਤੋਂ 1240, 1010/1241, ਖਸਰਾ ਨੰ: 2587/582 ਮਿਨ, 2657/582 ਮਿਨ, 2658/582, 112 ਨਾਲ ਸੰਬੰਧਤ ਸਭ ਕੁਝ ਚੱਕ ਹੁਸੈਨਾ, ਲੰਮਾ ਪਿੰਡ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144001, ਸਮੇਤ ਸਾਂਝੇ ਖੇਤਰਾਂ ਦਾ ਅਨੁਪਾਤ ਹਿੱਸਾ (ਖੇਤਰ ਰਕਬਾ 1552.5 ਵਰਗ ਫੁੱਟ (ਟਾਈਟਲ ਦਸਤਾਵੇਜ਼ 7.5 ਮਰਲਾ ਅਨੁਸਾਰ) ਹੱਦਾਂ: ਕਾਨੂੰਨੀ ਦਸਤਾਵੇਜ਼ ਅਨੁਸਾਰ, ਪੂਰਬ: ਜਗਦੀਸ਼ ਕੌਰ, ਪੱਛਮ: ਰਣਜੀਤ ਕੁਮਾਰ, ਉੱਤਰ: ਹਰਪਾਲ ਸਿੰਘ, ਦੱਖਣਾ: ਗਲੀ। ਸਾਈਟ ਅਨੁਸਾਰ: ਪੂਰਬ: ਜਗਦੀਸ਼ ਕੌਰ, ਪੱਛਮ: ਰਣਜੀਤ ਕੌਰ, ਉੱਤਰ ਹਰਪਾਲ ਸਿੰਘ, ਦੱਖਣ: ਸੜਕ।	16.10.2026 ਰੁਪਏ 20,24,518 (ਵੀਹ ਲੱਖ ਚੌਵੀ ਹਜ਼ਾਰ ਪੰਜ ਸੌ ਅਠਾਰਾਂ ਰੁਪਏ ਕੇਵਲ) 16.10.2026 ਨੂੰ

ਇਹ ਕਦਮ ਨੋਟਿਸ ਦੀ ਤਾਮੀਲ ਦੇ ਇਵਜ਼ ਵਜੋਂ ਉਠਾਇਆ ਜਾ ਰਿਹਾ ਹੈ। ਉਪਰੋਕਤ (ਕਰਜ਼ਦਾਰਾਂ ਅਤੇ /ਜਾਂ ਸਹਿ-ਕਰਜ਼ਦਾਰਾਂ, ਗਰੰਟਰਾਂ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮਾਂ ਸਮੇਤ ਭਵਿੱਖੀ ਵਿਆਜ ਵਾਪਸ ਮੋੜਨ ਦੀ ਸਲਾਹ ਦਿੱਤੀ ਜਾਂਦੀ ਹੈ, ਅਸਫਲ ਰਹਿਣ 'ਤੇ (ਬਜਾਜ ਫਾਇਨਾਂਸ ਲਿਮਟਿਡ) ਨੂੰ ਉਪਲੱਬਧ ਹੋਰ ਸਹੀ ਉਪਾਅ ਦੇ ਬਿਨਾਂ ਪੱਖਪਾਤ), ਸਕਿਉਰਡ ਐੱਸਟਸ/ਰਹਿਣ ਕੀਤੀ ਜਾਇਦਾਦ ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (4) ਦੀਆਂ ਵਿਵਸਥਾਵਾਂ ਅਨੁਸਾਰ ਕਬਜ਼ਾ ਹਾਸਲ ਕਰਨ ਲਈ ਅਗਲੇ ਕਦਮ ਉਠਾਏ ਜਾਣਗੇ। ਉਪਰੋਕਤ ਨਾਵਾਂ ਵਾਲੀਆਂ ਪਾਰਟੀਆਂ ਨੂੰ ਉਪਰੋਕਤ ਦਰਸਾਈਆਂ ਜਾਇਦਾਦਾਂ ਜਿਨ੍ਹਾਂ 'ਤੇ ਬਜਾਜ ਫਾਇਨਾਂਸ ਲਿਮਟਿਡ ਦਾ ਚਾਰਜ ਹੈ, 'ਚ ਦਖਲ ਜਾਂ ਤੀਜੀ ਧਿਰ ਦੇ ਹਿੱਤ ਪੈਦਾ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਥਾਨ: ਪੰਜਾਬ, ਮਿਤੀ: 07.11.2026 — ਵਾਸਤੇ ਮੈਸਰਜ਼ ਬਜਾਜ ਫਾਇਨਾਂਸ ਲਿਮਟਿਡ, ਅਧਿਕਾਰਤ ਅਫ਼ਸਰ

ਸਮਾਜ ਸੇਵਕ ਧਰੁਵਾ ਸਿੰਘ ਚੌਹਾਨ ਨੂੰ ਮਿਲਿਆ ਸਨਮਾਨ



ਅੰਮ੍ਰਿਤਸਰ (ਅਰੋੜਾ) ਭਾਰਤ ਦੀ ਵੱਡੀ ਓ.ਸੀ.ਐਮ ਮਿੱਲ ਦੇ ਸੀ.ਈ.ਓ. ਅਤੇ ਸਮਾਜ ਸੇਵਕ ਧਰੁਵਾ ਸਿੰਘ ਚੌਹਾਨ ਨੂੰ ਉਨ੍ਹਾਂ ਦੀ ਸਮਾਜ ਸੇਵਾ ਦੀ ਭਾਵਨਾ ਅਤੇ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀਆਂ ਦੀ ਮਦਦ ਲਈ ਹਮੇਸ਼ਾ ਅੱਗੇ ਰਹਿਣ ਦੇ ਲਈ ਏ.ਆਈ.ਸੀ.ਈ. ਸੋਸਾਇਟੀ ਰਜਿ. ਵੱਲੋਂ ਪ੍ਰਿੰਸੀਪਲ ਕਮਲਦੀਪ ਕੌਰ ਅਤੇ ਸਟਾਫ਼ ਦੇ ਹੋਰ ਮੈਂਬਰਾਂ ਵੱਲੋਂ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਸੋਸਾਇਟੀ ਦੇ ਸੈਂਟਰ ਵਿੱਚ ਮੁਫ਼ਤ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਧਰੁਵਾ ਸਿੰਘ ਚੌਹਾਨ ਵੱਲੋਂ ਹਮੇਸ਼ਾ ਮਦਦ ਕੀਤੀ ਜਾਂਦੀ ਹੈ।ਇਸੇ ਸਮਾਜ ਸੇਵਾ ਦੇ ਚੱਲਦਿਆਂ ਉਨ੍ਹਾਂ ਨੂੰ ਸੈਂਟਰ ਦੀ ਪ੍ਰਿੰਸੀਪਲ ਅਤੇ ਸਟਾਫ਼ ਨੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਧਰੁਵਾ ਸਿੰਘ ਚੌਹਾਨ ਨੇ ਸੈਂਟਰ ਦੇ ਪੈਟਰਨ ਰਜਜੀਤ ਸਿੰਘ ਅਤੇ ਮੀਤ ਪ੍ਰਧਾਨ ਸੰਜੇ ਮਲਿਕ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਇਸ ਸਮਾਜ ਭਲਾਈ ਦੇ ਕਾਰਜਾਂ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਭਵਿੱਖ ਵਿੱਚ ਉਹ ਵਿਦਿਆਰਥੀਆਂ ਦੀ ਮਦਦ ਲਈ ਕੋਈ ਨਾ ਕੋਈ ਪ੍ਰਾਜੈਕਟ ਕਰਦੇ ਰਹਿਣਗੇ।ਇਸ ਮੌਕੇ ਧਰੁਵਾ ਸਿੰਘ ਚੌਹਾਨ ਦੇ ਨਾਲ ਆਈ.ਆਰ. ਹੈੱਡ ਸਪਨ ਸ਼ਰਮਾ, ਸਿਕਿਓਰਿਟੀ ਹੈੱਡ ਮਨਜੀਤ ਸਿੰਘ, ਐਡਮਿਨ ਹੈੱਡ ਸਚਿਨ ਚੋਪੜਾ ਅਤੇ ਹੋਰ ਸਟਾਫ਼ ਮੈਂਬਰ ਮੌਜੂਦ ਸਨ।

ਕਾਮਰੇਡ ਜਰਨੈਲ ਸਿੰਘ ਕੋਟਲਾ ਨੌਧ ਸਿੰਘ ਨਹੀਂ ਰਹੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਗਦਰ ਪਾਰਟੀ ਦੇ ਮਹਾਨ ਸਪੂਤ ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਹੋਰ ਦੇਸ਼ ਭਗਤਾਂ, ਕਮਿਊਨਿਸਟ ਪਾਰਟੀ ਦੇ ਪਹਿਰੇਦਾਰ ਜਰਨੈਲ ਸਿੰਘ ਕੋਟਲਾ ਨੌਧ ਸਿੰਘ 95 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਇਸ ਮੌਕੇ ਕਾਮਰੇਡ ਗੁਰਮੇਸ਼ ਸਿੰਘ ਦਵਿੰਦਰ ਸਿੰਘ ਕੱਕੋਂ ਗੁਰਮੇਲ ਸਿੰਘ ਆਦਿ ਹਾਜ਼ਰ ਸਨ। ਉਹਨਾਂ ਦੇ ਪੁੱਤਰਾਂ ਨੇ ਉਨਾਂ ਦੀ ਦੇਹ ਨੂੰ ਅਗਨੀ ਭੇਟ ਕੀਤੀ। ਉਨਾਂ ਨਮਿਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ 14 ਨਵੰਬਰ ਨੂੰ ਉਹਨਾਂ ਦੇ ਜੱਦੀ ਪਿੰਡ ਕੋਟਲਾ ਨੌਧ ਸਿੰਘ ਵਿਖੇ ਹੋਵੇਗੀ।

COURT NOTICE

(U/o 5 Rule 20 CPC)
In the Court of Ms Jiya Garg Civil Judge Junior Division-3, Nabha
CNR No. PBPTB0-001060-2026
Next Date :- 09-12-2026
Amrik Singh Vs. Manisha Alias Nisha Rani
EXE of Rs. 636011/-
Publication Issued to :
Manisha Alias Nisha Rani W/o Sh. Rajesh Kumar S/o Amar Chand, Resident of Dispensary of Village Tohra, Tehsil Nabha, Distt. Patiala

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09-12-2026 at 10:00 A.M.

For details logon to https://highcourtchd.gov.in/?mod=district_notice&district=patiala

Civil Judge Junior Division-3, Nabha
Dated, this day of 05.11.2026

PUBLIC NOTICE

Under the instruction of Punjab & sind Bank Branch Attari, Amritsar I hereby informed the general public that I Sarabjit Kaur w/o Nirmal Singh R/o G T Road Four Field, I.T.B.P., Sultanwind Raod Amritsar.A DDR has also been got registered in this respect having details Sr no 824680 dated 06/11/2026 PS B Division, Tehsil & Distt Amritsar I Inform you. I have Lost Previous Original Registry I came from my house to Sultanwind Gate Tehsil & Distt. Amritsar dated 09/07/2026, I had my handbag in which my Previous Original Registry was lost, I tried a lot to find it but could not find it, Sale deed from Naresh Kumar and Sunil Kumar sons of Kali Charan Through GPA Sushil Kumar s/o Khareti Lal Manmohan Singh in favour of Kim Infrastructure & Developers Ltd Property Private Plot No.27, 28 Min, Measuring 300 Sqyards, Khasra No.78 Min, Situated at Sultanwind Suburban Tarf Mahal-2 Adadi Dashmesh Nagar Daburji G T Road, Tehsil & Distt Amritsar Registered Document No.8548 Dated 03/12/2010 I tried hard to move my document and I could not find it. I am giving a live report so that my fears do not misuse the documents. My lost documents are not pending in any court bail bank loan etc. If I get all these documents in future, then I will inform you about it. Anybody having claim or claiming any prior rights or interest in any manner in this property or has raised loan by depositing the aforesaid Transfer Deed to any person/ bank/ corporation/ financial institution may approach the undersigned in writing and may submit objections within 7 days from the date of this public notice in writing. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Punjab & sind Bank Branch Attari, Amritsar. Navroop Singh (Advocate) Chamber No.47-B, Distt. Court Amritsar Address:-office cum resi:-C-2050 Ranjit Avenue, Amritsar Ph:9855643725

PAOS INDUSTRIES LTD.

REGD. & CORPORATE OFFICE : VILLAGE PAWA, G.T. ROAD, LUDHIANA-141 120
CIN: L24100PB1990PLC049032, Ph: +91-161-5220000.
Email: paosindustriesltd@gmail.com, Website: www.paosindustries.in

ਸਟੈਂਡਅਲੋਨ ਦਾ ਸਾਰ ਤਿਮਾਹੀ ਤੇ 30 ਸਤੰਬਰ 2026 ਨੂੰ ਖਤਮ ਹੋਈ ਛਿਮਾਹੀ ਦੇ ਅਣਪੜਤਾਲੇ ਵਿੱਤੀ ਨਤੀਜੇ

(ਆਈ ਐਨ ਆਰ ਲੱਖਾਂ)

ਲੜੀ ਨੰ.	ਵੇਰਵੇ	ਤਿਮਾਹੀ ਖਤਮ 30.09.2026 ਅਣ-ਪੜਤਾਲੇ	ਤਿਮਾਹੀ ਖਤਮ 30.06.2026 ਅਣ-ਪੜਤਾਲੇ	ਤਿਮਾਹੀ ਖਤਮ 30.09.2025 ਅਣ-ਪੜਤਾਲੇ	ਛਿਮਾਹੀ ਖਤਮ 30.09.2026 ਅਣ-ਪੜਤਾਲੇ	ਛਿਮਾਹੀ ਖਤਮ 30.09.2025 ਅਣ-ਪੜਤਾਲੇ	ਸਾਲ ਖਤਮ 31.03.2026 ਪੜਤਾਲੇ
1.	ਕਾਰੋਬਾਰ ਤੋਂ ਕੁੱਲ ਆਮਦਨ	2424.25	2398.99	2241.38	4823.24	4512.27	8837.42
2.	ਸ਼ੁੱਧ ਲਾਭ/(ਹਾਨੀ) ਸਮੇਂ ਲਈ (ਟੈਕਸ, ਅਸਧਾਰਨ ਤੇ ਜਾਂ ਵਿਲੱਖਣ ਆਈਟਮਾਂ ਤੋਂ ਪਹਿਲਾਂ)	22.45	114.98	(50.00)	151.71	(8.44)	(194.17)
3.	ਸ਼ੁੱਧ ਲਾਭ/(ਹਾਨੀ) ਸਮੇਂ ਲਈ ਟੈਕਸ ਤੋਂ ਪਹਿਲਾਂ (ਅਸਧਾਰਨ ਆਈਟਮਾਂ ਤੋਂ ਬਾਅਦ	22.45	114.98	(50.00)	151.71	(8.44)	(194.17)
4.	ਸ਼ੁੱਧ ਲਾਭ (ਹਾਨੀ) ਸਮੇਂ ਲਈ ਟੈਕਸ ਤੋਂ ਬਾਅਦ (ਅਸਧਾਰਨ ਆਈਟਮਾਂ ਤੋਂ ਬਾਅਦ	29.95	114.98	(18.76)	144.93	28.23	(211.15)
5.	ਇਕੁਇਟੀ ਹਿੱਸਾ ਪੂੰਜੀ	610.36	610.36	610.36	610.36	610.36	610.36
6.	ਸਮੇਂ ਲਈ ਕੁੱਲ ਕੰਪਰੀਹੈਨਸਿਵ (ਸ਼ਾਮਲ ਲਾਭ/(ਹਾਨੀ) ਹੋਰ ਕੰਪਰੀਹੈਨਸਿਵ ਆਮਦਨ ਤੋਂ ਬਾਅਦ	0.00	0.00	0.00	0.00	0.00	0.00
7.	ਰਿਜ਼ਰਵਜ਼ (ਬਿਨਾਂ ਰੀਵੈਲੂਏਸ਼ਨ (ਰਿਜ਼ਰਵ) ਜਿਵੇਂ ਕਿ ਪਹਿਲੇ (31/03/2026) ਨੂੰ ਖਤਮ ਸਾਲ ਦੀ ਆਡਿਟਡ ਬੈਲੇਂਸ ਸ਼ੀਟ 'ਚ ਦਰਜ ਹੈ।						(2407.22)
8.	ਕਮਾਈ ਪ੍ਰਤੀ ਸ਼ੇਅਰ (10 ਰੁਪਏ ਹਰੇਕ ਦੀ)						
	(ੳ) (ਏ) ਮੁੱਢਲੀ	0.49	1.88	(0.31)	2.37	0.46	(3.46)
	(ਅ) (ਡਿਲਿਊਟਿਡ	0.49	1.88	(0.31)	2.37	0.46	(3.46)

ਨੋਟਿਸ : (1) ਉਕਤ ਤਿਮਾਹੀ /ਛਿਮਾਹੀ ਵਿੱਤੀ ਨਤੀਜੇ ਦੇ ਵਿਸਥਾਰਤ ਪ੍ਰਕਾਰ ਦਾ ਸਾਰ ਸੇਬੀ ਦੇ ਰੈਲੂਗੇਸ਼ਨ (ਸੂਚੀਕਰਨ) ਤੇ ਹੋਰ ਐਲਾਨੀਆਂ ਜ਼ਰੂਰਤਾਂ) ਰੈਗੂਲੇਸ਼ਨਜ਼ 2025 ਤਹਿਤ ਸਟਾਕ ਐਕਸਚੇਂਜ 'ਤੇ ਦਰਜ ਕਰਵਾ ਦਿੱਤੇ ਗਏ ਹਨ। ਤਿਮਾਹੀ ਤੇ ਛਿਮਾਹੀ ਨਤੀਜਿਆਂ ਦਾ ਪੂਰਾ ਵੇਰਵਾ ਬੀ ਐੱਸ ਈ ਵੈੱਬਸਾਈਟ www.bseindia.com ਤੇ ਕੰਪਨੀ ਦੀ ਵੈੱਬਸਾਈਟ www.paossindustries 'ਤੇ ਉਪਲੱਬਧ ਹੈ ਤੇ ਇੱਥੇ ਦਿੱਤੇ ਕਿਊ ਆਰ ਕੋਡ 'ਤੇ ਸਕੈਨ ਕੀਤੇ ਜਾ ਸਕਦੇ ਹਨ। (2) ਪਹਿਲੇ ਅੰਕੜੇ ਲੋੜ ਅਨੁਸਾਰ ਰੀਕਲਾਸੀਫਾਈਡ ਤੇ ਰੀਗਰੁੱਪਡ ਕੀਤੇ ਗਏ ਹਨ।

ਸਥਾਨ : ਲੁਧਿਆਣਾ
ਮਿਤੀ : 05-11-2026

ਵਾਸਤੇ ਪੋਇਸ ਇੰਡਸਟਰੀਜ਼ ਲਿਮਟਿਡ
ਸਹੀ/- ਸੰਜੀਵ ਬਾਂਸਲ
(ਮੈਨੇਜਿੰਗ ਡਾਇਰੈਕਟਰ)
ਡੀ ਆਈ ਐਨ : 00057485

ਵਿਸ਼ਵ ਸਟ੍ਰੋਕ ਦਿਵਸ ਮੌਕੇ ਲੋਕਾਂ ਨੂੰ ਕੀਤਾ ਜਾਗਰੂਕ

ਨਕੋਦਰ (ਮਨਜੀਤ ਮਾਨ)- ਵਿਸ਼ਵ ਸਟ੍ਰੋਕ ਦਿਵਸ ਮੌਕੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਟ੍ਰੋਕ (ਦਿਮਾਗੀ ਦੌਰਾ) ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਸਮੇਂ ਸਿਰ ਇਲਾਜ ਸਬੰਧੀ ਜਾਗਰੂਕ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸੀਨੀਅਰ ਮੈਡੀਕਲ ਅਫ਼ਸਰ ਡਾ. ਸੰਮੀਤ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਸੰਮੀਤ ਸਿੰਘ ਨੇ ਦੱਸਿਆ ਕਿ ਸਟ੍ਰੋਕ ਇੱਕ ਗੰਭੀਰ ਸਿਹਤ ਸਮੱਸਿਆ ਹੈ, ਜਿਸ ਵਿੱਚ ਦਿਮਾਗ ਤੱਕ ਖੂਨ ਦੀ ਸਪਲਾਈ ਪ੍ਰਭਾਵਿਤ ਹੋ ਜਾਂਦੀ ਹੈ। ਜੇਕਰ ਮਰੀਜ਼ ਨੂੰ ਸਮੇਂ ਸਿਰ ਇਲਾਜ ਨਾ ਮਿਲੇ ਤਾਂ ਇਹ ਜਾਨਲੇਵਾ ਸਾਬਤ ਹੋ ਸਕਦਾ ਹੈ ਜਾਂ ਵਿਅਕਤੀ ਨੂੰ ਸਰੀਰਕ ਅਪੰਗਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਸਟ੍ਰੋਕ ਦੇ ਲੱਛਣਾਂ ਦੀ ਪਛਾਣ ਕਰਨਾ ਅਤੇ ਤੁਰੰਤ ਡਾਕਟਰੀ ਸਹਾਇਤਾ ਲੈਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਚਿਹਰੇ ਦਾ ਇੱਕ ਪਾਸਾ ਟੇਢਾ ਹੋਣਾ, ਬਾਂਹ ਜਾਂ ਲੱਤ ਵਿੱਚ ਅਚਾਨਕ ਕਮਜ਼ੋਰੀ ਆਉਣਾ, ਬੋਲਣ ਜਾਂ ਗੱਲ ਸਮਝਣ ਵਿੱਚ ਮੁਸ਼ਕਲ ਹੋਣਾ ਅਤੇ ਅਚਾਨਕ ਨਜ਼ਰ ਪ੍ਰਭਾਵਿਤ ਹੋਣਾ ਸਟ੍ਰੋਕ ਦੇ ਮੁੱਖ ਲੱਛਣ ਹਨ। ਅਜਿਹੇ ਲੱਛਣ ਦਿਖਾਈ ਦੇਣ 'ਤੇ ਮਰੀਜ਼ ਨੂੰ ਬਿਨਾਂ ਦੇਰੀ ਕੀਤੇ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਵਧਿਆ ਹੋਇਆ ਕੋਲੈਸਟ੍ਰੋਲ, ਸਿਗਰਟਨੋਸ਼ੀ, ਤੰਬਾਕੂ ਦੀ ਵਰਤੋਂ, ਸਰੀਰਕ ਕਸਰਤ ਦੀ ਘਾਟ ਅਤੇ ਗੈਰ-ਸਿਹਤਮੰਦ ਖੁਰਾਕ ਸਟ੍ਰੋਕ ਦੇ ਖ਼ਤਰੇ ਨੂੰ ਵਧਾ ਸਕਦੇ ਹਨ।ਇਸ ਮੌਕੇ ਡਾ. ਪੁਨੀਤ ਕੌਰ, ਐੱਲ ਐੱਚ ਵੀ ਕੁਲਵਿੰਦਰ ਕੌਰ, ਐਸ ਆਈ ਦਵਿੰਦਰ ਸਿੰਘ ਅਤੇ ਤਰੁਣ ਕੁਮਾਰ ਬੀ ਐਸ ਏ ਵੀ ਮੌਜੂਦ ਸਨ।

ਓਵਰਲੋਡ ਟਿੱਪਰਾਂ ਨੂੰ ਬੰਦ ਕਰਨ ਦੀ ਮੰਗ

ਦੁਸਾਂਝ ਕਲਾਂ, (ਸੁਰਿੰਦਰਪਾਲ ਕੁੱਕੂ)- ਮੁੰਕਦਪੁਰ ਤੋਂ ਫਗਵਾੜਾ ਰੋਡ 'ਤੇ ਦਿਨ-ਰਾਤ ਤੇਜ਼ ਰਫ਼ਤਾਰ ਨਾਲ ਦੌੜ ਰਹੇ ਓਵਰਲੋਡ ਰੇਤ ਦੇ ਟਿੱਪਰ ਜੋ ਮੁੰਕਦਪੁਰ ਵਾਲੇ ਪਾਸੇ ਤੋਂ ਆਉਂਦੇ ਨੇ ਇਲਾਕੇ ਦੇ ਲੋਕਾਂ ਲਈ ਵੱਡੀ ਚਿੰਤਾ ਦਾ ਕਾਰਨ ਬਣੇ ਹੋਏ ਹਨ। ਸੜਕਾਂ 'ਤੇ ਉੱਡਦੀ ਧੂੜ ਭਾਰੀ ਵਾਹਨਾਂ ਦਾ ਦਬਾਅ ਅਤੇ ਹਾਦਸਿਆਂ ਦਾ ਖ਼ਤਰਾ ਲਗਾਤਾਰ ਵੱਧ ਰਿਹਾ ਹੈ। ਸੰਬੰਧਿਤ ਵਿਭਾਗ ਮੂਕ ਦਰਸ਼ਕ ਬਣ ਕੇ ਇਹ ਸਭ ਕੁਝ ਦੇਖ ਰਿਹਾ ਹੈ ਪਰ ਠੋਸ ਕਾਰਵਾਈ ਨਜ਼ਰ ਨਹੀਂ ਆ ਰਹੀ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਰੇਤ ਨਾਲ ਭਰੇ ਇਹ ਟਿੱਪਰ ਕਈ ਵਾਰ ਨਿਯਮਾਂ ਨੂੰ ਛਿੱਕੇ ਟੰਗ ਕੇ ਸੜਕਾਂ 'ਤੇ ਦੌੜਦੇ ਹਨ ਜਿਸ ਕਾਰਨ ਆਮ ਲੋਕਾਂ, ਸਕੂਲੀ ਬੱਚਿਆਂ ਅਤੇ ਦੋਪਹੀਆ ਵਾਹਨ ਚਾਲਕਾਂ ਦੀ ਸੁਰੱਖਿਆ ਖ਼ਤਰੇ ਵਿੱਚ ਪੈ ਜਾਂਦੀ ਹੈ। ਲੋਕਾਂ ਦੇ ਮਨਾਂ ਵਿਚ ਇਹ ਸਵਾਲ ਉੱਠ ਰਿਹਾ ਹੈ ਕਿ ਆਖ਼ਿਰ ਇਹ ਓਵਰਲੋਡ ਵਾਹਨ ਕਿਸ ਦੀ ਸਰਪ੍ਰਸਤੀ ਹੇਠ ਚੱਲ ਰਹੇ ਹਨ। ਇਨ੍ਹਾਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋ ਰਹੀ। ਲੋਕਾਂ ਨੇ ਮੰਗ ਕੀਤੀ ਹੈ ਕਿ ਮਾਈਨਿੰਗ ਵਿਭਾਗ, ਟਰਾਂਸਪੋਰਟ ਵਿਭਾਗ ਅਤੇ ਪੁਲਸ ਪ੍ਰਸ਼ਾਸਨ ਸਾਂਝੇ ਤੌਰ 'ਤੇ ਕਾਰਵਾਈ ਕਰਕੇ ਓਵਰਲੋਡ ਟਿੱਪਰਾਂ 'ਤੇ ਤੁਰੰਤ ਰੋਕ ਲਗਾਈ ਜਾਵੇ, ਇਹ ਟਿੱਪਰ ਥਾਣਾ ਮੁੰਕਦਪੁਰ ਅਤੇ ਪੁਲਿਸ ਚੌਂਕੀ ਦੁਸਾਂਝ ਕਲਾਂ ਦੀ ਹੱਦ ਵਿੱਚੋਂ ਲੰਘ ਕੇ ਅੱਗੇ ਜਾ ਰਹੇ ਹਨ। ਇਨ੍ਹਾਂ ਟਿੱਪਰਾਂ ਕਾਰਨ ਸੜਕਾਂ ਦੀ ਹਾਲਤ ਬਹੁਤ ਹੀ ਖ਼ਰਾਬ ਹੋ ਰਹੀ ਹੈ। ਲੋਕਾਂ ਨੇ ਸਵਾਲ ਕੀਤਾ ਹੈ ਕਿ ਜੇ ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਵਾਹਨਾਂ ਤੇ ਸਮੇਂ ਸਿਰ ਕਾਰਵਾਈ ਕੀਤੀ ਜਾਵੇ ਤਾਂ ਕਿਸੇ ਵੱਡੇ ਹਾਦਸੇ ਤੋਂ ਬਚਿਆ ਜਾ ਸਕਦਾ। ਇਲਾਕੇ ਦੇ ਲੋਕਾਂ ਨੇ ਓਵਰਲੋਡ ਟਿੱਪਰਾਂ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ।

AXIS BANK LTD.

AXIS Bank Ltd.Branch Address "2nd and 3rd Floor, Property No. 7-E, Malhar Road, Sarabha Nagar, Ludhiana -141001.
Registered Office: 'Trishul', 3rd floor, opposite Samartheswar Temple, Law garden, Ellisbridge, Ahmedabad-380006

ਸਕਿਉਰਟਾਇਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਪਬਲਿਕ ਨੋਟਿਸ

ਇਹ ਆਮ ਜਨਤਾ ਦੀ ਜਾਣਕਾਰੀ ਹਿੱਤ ਕਿ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੇ ਬੈਂਕ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਬਾਵਜੂਦ ਵਿਆਜ ਅਤੇ ਮੂਲ ਦੋਵਾਂ ਨੂੰ ਮੋੜਨ ਵਿੱਚ ਨਾਕਾਮ ਰਹੇ ਹਨ। ਅਜਿਹੇ ਵਿੱਚ ਕਰਜ਼ਿਆਂ ਨੂੰ ਨਾਨ-ਪ੍ਰਫਾਰਮਿੰਗ ਐਸੇਟਸ (ਐੱਨ ਪੀ ਏ) ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਕਰਜ਼ਦਾਰ (ਕਰਜ਼ਦਾਰਾਂ) ਨੂੰ ਉਨ੍ਹਾਂ ਦੇ ਆਖਰੀ ਮਲੂਮ ਪਤਿਆਂ ਉਪਰ ਉਪਰੋਕਤ ਵਰਨਣ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਭੇਜੇ ਗਏ ਸਨ, ਪਰ ਇਹ ਨੋਟਿਸ ਬਿਨਾਂ ਤਾਮੀਲ ਵਾਪਸ ਆ ਗਏ। ਇਸ ਲਈ ਸਿੱਧੀ ਜਾਣਕਾਰੀ ਦੀ ਬਜਾਏ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਜਾ ਰਹੀ ਹੈ। ਕਰਜ਼ਦਾਰ (ਕਰਜ਼ਦਾਰਾਂ) ਅਤੇ/ਜਾਂ ਉਨ੍ਹਾਂ ਦੇ ਗਰੰਟਰ (ਗਰੰਟਰਾਂ), ਜਿੱਥੇ ਲਾਗੂਯੋਗ, ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਬਕਾਇਆ ਰਕਮ 60 ਦਿਨਾਂ ਦੇ ਅੰਦਰ-ਅੰਦਰ ਮੋੜਨ ਦਾ ਸੱਦਾ ਦਿੱਤਾ ਜਾਂਦਾ ਹੈ। ਇਸ 'ਚ ਨਾਕਾਮ ਰਹਿਣ 'ਤੇ, 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਇਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਕਰਜ਼ਦਾਰਾਂ ਨੂੰ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਤਹਿਤ ਸਕਿਉਰਡ ਐੱਸਟਸ ਨੂੰ ਪੁਨਰਗ੍ਰਹਿਣ ਦੇ ਅਧਿਕਾਰਾਂ ਦਾ ਵਿਸ਼ੇਸ਼ ਹਵਾਲਾ ਦਿੱਤਾ ਜਾਂਦਾ ਹੈ।

ਲੜੀ ਨੰ.	ਕਰਜ਼ਦਾਰ/ਸਹਿ-ਕਰਜ਼ਦਾਰ/ ਗਰੰਟਰ ਦਾ ਨਾਂਅ	(1) ਡਿਮਾਂਡ ਨੋਟਿਸ ਦੀ ਮਿਤੀ (2) ਐਨ ਪੀ ਏ ਦੀ ਮਿਤੀ	(3) ਬਕਾਇਆ ਰਕਮ (ਡਿਮਾਂਡ ਨੋਟਿਸ ਅਨੁਸਾਰ)
1	(1.) ਮੈਸਰਜ਼ ਐੱਨ ਐੱਸ ਇੰਟਰਨੈਸ਼ਨਲ ਰਾਹੀਂ ਇਸ ਦੇ ਮਾਲਕ ਸ੍ਰੀ ਨਿਤਿਨ ਸਪਰਾ (2.) ਸ੍ਰੀ ਨਿਤਿਨ ਸਪਰਾ ਪੁੱਤਰ ਰਾਜ ਕੁਮਾਰ (3.) ਸ਼੍ਰੀਮਤੀ ਕੰਚਨ ਸਪਰਾ ਪਤਨੀ ਰਾਜ ਕੁਮਾਰ	(1.) 27-08-2026 (2.) 05-12-2025	(3.) ਰੁਪਏ 1,33,22,985/- (ਇੱਕ ਕਰੋੜ ਤੇਤੀ ਲੱਖ ਬਾਈ ਹਜ਼ਾਰ ਨੌ ਸੌ ਪਚਾਸੀ ਰੁਪਏ ਕੇਵਲ)
	ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ ਨੰ. 1 ਸਭ ਕੁਝ ਜਾਇਦਾਦ ਦਾ ਅਟੁੱਟ ਹਿੱਸਾ ਰਕਬਾ 0-7 ਮਰਲਾ, ਤਨੀਲ ਜੇਲ ਖੇਤਰ 'ਚ, ਅਸਲ 'ਚ 4-1/2 ਮਰਲੇ ਵਿੱਚੋਂ ਖੇਵਟ ਨੰ. 9/4036, ਹਿੱਸਾ 100 ਕਨਾਲ 18 ਮਰਲੇ, ਖਸਰਾ ਨੰ. 2784(12-0), 2785(2-4), 2786(9-19), 2787(9-0), 2788(11-4), 2793(8-13), 2794(4-17), 2795(10-16), 2809(2-14), 2810(2-3), 2811(6-13), 2812(3-0), 2813(0-19), 2814(1-3), 2815(4-18), 2816(4-0), 2817(2-10), 2818(4-5) ਕਿੱਤੇ/18 ਖੱਤਾ ਨੰ. 1101/1710, ਹਿੱਸਾ 2-1/2 ਮਰਲਾ ਵਿੱਚੋਂ ਖੇਵਟ ਨੰ. 5/1156 ਹਿੱਸਾ 10 ਕਨਾਲ 18 ਮਰਲੇ ਖਸਰਾ ਨੰ. 2777 (1-6), 2778 (5-16), 2779 (9-19), 2780 (1-2-8), 2799 (10-7) ਕਿੱਤਾ/5 ਖੱਤਾ ਨੰ. 1105/1714 ਪਤਾ ਵਾਕਿਆ ਫਗਵਾੜਾ ਸ਼ਾਰਕੀ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਸ੍ਰੀਮਤੀ ਕੰਚਨ ਸਪਰਾ ਦੇ ਨਾਂਅ 'ਤੇ ਹੈ। ਵਸੀਕਾ ਨੰ. 3991 ਮਿਤੀ 07/12/2012, ਹੱਦਬੰਦੀ ਹੇਠਾਂ ਅਨੁਸਾਰ ਪੂਰਬ : 30'-0", ਪੱਛਮ : 20'-0", ਉੱਤਰ : 51'-3", ਦੱਖਣ : 51'-3" ਜਾਇਦਾਦ ਨੰ. 2 ਸਭ ਕੁਝ ਜਾਇਦਾਦ ਦਾ ਅਟੁੱਟ ਹਿੱਸਾ ਪਤਾ ਵਾਕਿਆ ਫਗਵਾੜਾ ਸ਼ਾਰਕੀ, ਕਪੂਰਥਲਾ, ਖਸਰਾ ਨੰ. 5910/3114 ਮਿਨ/45-0 ਕਿੱਤਾ। ਖਾਤਾ ਨੰ. 1113/1762 ਜਮ੍ਹਾਂਬੰਦੀ ਸਾਲ 2003-2004 ਅਨੁਸਾਰ, ਹੱਦਬਸਤ ਨੰ. 73, ਰਕਬਾ 19-1/2 ਮਰਲਾ, ਪਤਾ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ, ਸ੍ਰੀਮਤੀ ਕੰਚਨ ਸਪਰਾ ਦੇ ਨਾਂਅ 'ਤੇ ਹੈ, ਵਾਕਿਆ ਨੰ. 4218 ਮਿਤੀ 06/03/2009 ਹੱਦਬੰਦੀ ਹੇਠਾਂ ਅਨੁਸਾਰ ਪੂਰਬ : ਹੋਰ, ਪੱਛਮ : ਰਸਤਾ, ਉੱਤਰ : ਹੋਰ, ਦੱਖਣ : ਹੋਰ		
2	(1.) ਮੈਸਰਜ਼ ਗੁਰੂ ਬਖਸ਼ੀਸ਼ ਟਰੇਡਿੰਗ ਕੰਪਨੀ ਰਾਹੀਂ ਇਸ ਦੇ ਮਾਲਕ ਹਰਦੀਪ ਸਿੰਘ (2.) ਸ੍ਰੀ ਹਰਦੀਪ ਸਿੰਘ ਪੁੱਤਰ ਪਰਗਟ ਸਿੰਘ (3.) ਸ੍ਰੀ ਨਿਰਮਲ ਸਿੰਘ ਪੁੱਤਰ ਬਲਕਾਰ ਸਿੰਘ (4.) ਸ੍ਰੀ ਕੰਵਲਜੀਤ ਸਿੰਘ ਪੁੱਤਰ ਬਲਕਾਰ ਸਿੰਘ	(1.) 21-10-2026 (2.) 01-05-2021	(3.) ਰੁਪਏ 34,04,209/- (ਚੌਂਤੀ ਲੱਖ ਚਾਰ ਹਜ਼ਾਰ ਦੋ ਸੌ ਨੌ ਰੁਪਏ ਕੇਵਲ)
	ਅਚੱਲ ਜਾਇਦਾਦ ਦਾ ਵੇਰਵਾ : ਸਭ ਕੁਝ ਜਾਇਦਾਦ/ਜ਼ਮੀਨ ਦਾ ਅਟੁੱਟ ਹਿੱਸਾ, ਰਕਬਾ 0 ਕਨਾਲ-4-1/2 ਮਰਲੇ, ਜੋ ਕਿ 133.33 ਵਰਗ ਗਜ਼ 9/822 ਹਿੱਸਾ ਕੁੱਲ ਜ਼ਮੀਨ 20 ਕਨਾਲ 11 ਮਰਲੇ, ਖੇਵਟ/ਖਤੌਨੀ ਨੰ. 385/119 ਅਤੇ ਖਸਰਾ ਨੰ. 58//18 (2-3), 23 (3-12), 59//2/2(3-6), 3 (3-0), 8-(3-3), 9 (3-17, 13 (1-11) ਕਿੱਤੇ 7, ਪਤਾ ਕਾਰ ਬਜ਼ਾਰ ਬਾਈਪਾਸ ਪਾਤੜਾਂ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ, ਨਿਰਮਲ ਸਿੰਘ ਅਤੇ ਕਮਲਜੀਤ ਸਿੰਘ ਉਰਫ ਕੰਵਲਜੀਤ ਸਿੰਘ ਪੁੱਤਰ ਬਲਕਾਰ ਸਿੰਘ ਦੇ ਨਾਂਅ 'ਤੇ ਹੈ। ਦਸਤਾਵੇਜ਼ ਨੰ. 5925 ਮਿਤੀ 31.03.2025, ਹੱਦਬੰਦੀ ਹੇਠਾਂ ਲਿਖੇ ਅਨੁਸਾਰ : ਪੂਰਬ : 20'-0" ਸੜਕ, ਪੱਛਮ : 20'-0" ਸੜਕ ਸੂਆ ਤੇ ਸੜਕ, ਉੱਤਰ : 60'-0" ਮਹਿਲ ਸਿੰਘ, ਦੱਖਣ 60'-0", ਝੰਡਾ ਸਿੰਘ ਐੱਸ		
3	(1.) ਮੈਸਰਜ਼ ਐੱਸ ਐੱਸ ਪੇਂਟ ਇੰਟਰਪ੍ਰਾਈਜ਼ਜ਼ ਰਾਹੀਂ ਇਸ ਦੇ ਭਾਈਵਾਲ (2.) ਸ੍ਰੀ ਵਿਜੇ ਕੁਮਾਰ ਪੁੱਤਰ ਖੇਮ ਚੰਦ (3.) ਸ੍ਰੀਮਤੀ ਅਨੂੰ ਪਤਨੀ ਵਿਜੇ ਕੁਮਾਰ	(1.) 22-10-2026 (2.) 28-09-2023	(3.) ਰੁਪਏ 64,91,276/- (ਚੌਂਹਟ ਲੱਖ ਇਕੰਨਵੇਂ ਹਜ਼ਾਰ ਦੋ ਸੌ ਛਿਹੱਤਰ ਰੁਪਏ ਕੇਵਲ)
	ਅਚੱਲ ਜਾਇਦਾਦ ਦਾ ਵੇਰਵਾ, ਜਾਇਦਾਦ ਨੰ. 1, ਸਭ ਕੁਝ ਜਾਇਦਾਦ/ਜ਼ਮੀਨ ਦਾ ਅਟੁੱਟ ਹਿੱਸਾ, ਰਕਬਾ 1 ਕਨਾਲ 18 ਮਰਲੇ, ਜੋ ਕਿ 1120 ਵਰਗ ਗਜ਼, ਖੇਵਟ ਨੰ. 8, ਖਤੌਨੀ ਨੰ. 19, ਖਸਰਾ ਨੰ. 8//7 (4-12), ਜਮ੍ਹਾਂਬੰਦੀ ਸਾਲ 2013-14, ਪਤਾ ਪਿੰਡ ਉਪਲੀ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਸ੍ਰੀਮਤੀ ਅਨੂ ਪਤਨੀ ਵਿਜੇ ਕੁਮਾਰ ਦੇ ਨਾਂਅ ਹੈ, ਤਬਾਦਲਾ ਬੈਨਾਮਾ ਨੰ. 2019-20/11/1/9564 ਮਿਤੀ 24.10.2019, ਹੱਦਬੰਦੀ ਹੇਠ ਲਿਖੇ ਅਨੁਸਾਰ : ਪੂਰਬ : ਲਿੰਕ ਰੋਡ ਉਪਲੀ, ਪੱਛਮ : ਜ਼ਮੀਨ ਕਿਰਪਾ ਸਿੰਘ, ਉੱਤਰ : ਜ਼ਮੀਨ ਕਾਲਾ ਸਿੰਘ, ਦੱਖਣ : ਪਲਾਟ ਪਵਨ ਕੁਮਾਰ ਜਾਇਦਾਦ ਨੰ. 2 ਸਭ ਕੁਝ ਜ਼ਮੀਨ/ਜਾਇਦਾਦ ਦਾ ਅਟੁੱਟ ਹਿੱਸਾ, ਰਕਬਾ 1 ਕਨਾਲ 18 ਮਰਲੇ, ਜੋ ਕਿ 1150 ਵਰਗ ਗਜ਼, ਖੇਵਟ ਨੰ. 8/6 ਮਿਨ, ਖਤੌਨੀ ਨੰ. 19, ਖਸਰਾ ਨੰ. 8//7 (4-12), ਜਮ੍ਹਾਂਬੰਦੀ ਸਾਲ 2013-24 ਅਨੁਸਾਰ ਪਤਾ ਪਿੰਡ ਉਪਲੀ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਵਿਜੇ ਕੁਮਾਰ ਪੁੱਤਰ ਖੇਮ ਚੰਦ ਦੇ ਨਾਂਅ 'ਤੇ ਹੈ, ਤਬਾਦਲਾ ਬੈਨਾਮਾ ਨੰ. 2019-20/11/1/11180 ਮਿਤੀ 04.12.2019, ਪੂਰਬ : ਲਿੰਕ ਰੋਡ ਉਪਲੀ, ਪੱਛਮ : ਜ਼ਮੀਨ ਕਿਰਪਾ ਸਿੰਘ, ਉੱਤਰ : ਫੈਕਟਰੀ ਦੱਖਣ, ਜ਼ਮੀਨ ਕਿਰਪਾ ਸਿੰਘ।		
4	(1.) ਮੈਸਰਜ਼ ਐੱਚ ਐੱਸ ਐਗਰੋ ਏਡ ਸੈਂਟਰ ਰਾਹੀਂ ਇਸ ਦੇ ਮਾਲਕ ਸ੍ਰੀ ਅੰਕੁਸ਼ ਧੂਰੀਆ ਪੁੱਤਰ ਸੁਭਾਸ਼ ਚੰਦਰ ਧੂਰੀਆ (2.) ਸ੍ਰੀ ਅੰਕੁਸ਼ ਧੂਰੀਆ ਪੁੱਤਰ ਸੁਭਾਸ਼ ਚੰਦਰ ਧੂਰੀਆ (3.) ਸ੍ਰੀ ਭਾਰਤ ਕੁਮਾਰ ਪੁੱਤਰ ਭੀਮ ਸੈਨ (4.) ਮੈਸਰਜ਼ ਜੇ ਬੀ ਐੱਮ ਰਿਜ਼ੋਰਟ ਰਾਹੀਂ ਇਸ ਦੇ ਭਾਈਵਾਲ (5.) ਮੈਸਰਜ਼ ਚੌਧਰੀ ਸੁਖਰਾਮ ਜੱਟ ਐਂਡ ਕੰਪਨੀ ਰਾਹੀਂ ਇਸ ਦੇ ਮਾਲਕ ਸ੍ਰੀ ਭਾਰਤ ਕੁਮਾਰ ਪੁੱਤਰ ਭੀਮ ਸੈਨ (6.) ਸ੍ਰੀਮਤੀ ਸ਼ਿਵਾਨੀ ਪੁੱਤਰ ਸ੍ਰੀ ਅੰਕੁਸ਼ ਧੂਰੀਆ (7.) ਸ੍ਰੀ ਭੀਮ ਸੈਨ ਪੁੱਤਰ ਸ੍ਰੀ ਸੁਖਰਾਮ (8.) ਸ੍ਰੀ ਅਨੁਰਾਗ ਪੁੱਤਰ ਸ੍ਰੀ ਜਤਿੰਦਰ ਕੁਮਾਰ	(1.) 14-10-2026 (2.) 06-10-2026	(3.) ਰੁਪਏ 4,93,29,396.98/- (ਚਾਰ ਕਰੋੜ ਤਰਿਆਨਵੇਂ ਲੱਖ ਉਨੱਤੀ ਹਜ਼ਾਰ ਤਿੰਨ ਸੌ ਛਿਅੰਨਵੇਂ ਰੁਪਏ ਅਠੰਨਵੇਂ ਪੈਸੇ ਕੇਵਲ)
	ਅਚੱਲ ਜਾਇਦਾਦ ਦਾ ਵੇਰਵਾ : 1 ਸਭ ਕੁਝ ਕਮਰਸ਼ੀਅਲ ਮੈਰਿਜ ਪੈਲੇਸ ਦਾ ਅਟੁੱਟ ਹਿੱਸਾ, ਰਕਬਾ 33 ਕਨਾਲ, 18 ਮਰਲਾ (1) ਜਾਇਦਾਦ ਰਕਬਾ 26 ਕਨਾਲ 00 ਮਰਲਾ, ਮੁਰੱਬਾ ਨੰ. 179, ਕਿਲਾ ਨੰ. 10, ਮਿਨ ਧੱਕਣ (2-0), 11 (8-0), 20 (8-0) 21 (8-0), ਖੇਵਟ ਨੰ. 292, ਖਤੌਨੀ ਨੰ. 504 ਅਤੇ (11) ਜਾਇਦਾਦ ਰਕਬਾ 7 ਕਨਾਲ 18 ਮਰਲੇ, ਮੁਰੱਬਾ ਨੰ. 179, ਕਿਲਾ ਨੰ. 9/2/2 (1-6), 12/1 (3-6), 19/2 (3-6), ਖੇਵਟ ਨੰ. 339, ਖਤੌਨੀ ਨੰ. 567, ਜਮ੍ਹਾਂਬੰਦੀ ਸਾਲ 2021-22 ਅਨੁਸਾਰ ਅਤੇ ਇੰਤਕਾਲ ਨੰ. 3854 ਪਤਾ ਪਿੰਡ ਗੋਬਿੰਦਗੜ੍ਹ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ, ਮਾਲਕੀ ਮੈਸਰਜ਼ ਜੇ ਬੀ ਐੱਮ ਰੀਜ਼ਾਰਟਸ ਰਾਹੀਂ ਇਸ ਦੇ ਹਿੱਸੇਦਾਰ ਸ੍ਰੀ ਭਰਤ ਕੁਮਾਰ, ਬੈਨਾਮਾ ਨੰ. 2023-24/54/1/53 ਮਿਤੀ 25 ਜਨਵਰੀ 2024		

ਮਿਤੀ : 07-22-2026, ਸਥਾਨ : ਪੰਜਾਬ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

COURT NOTICE

Court Notice
(U/o 5 Rule 20 CPC)
In the Court of Sh. Deepak Kumar Choudhary
Principal Judge (FC), Barnala
CNR No. PBBR01-003332-2026
Next Date :- 27-11-2026
Mumtaj Vs. Sandeep Ram
Publication Issued to : General Public : Barnala

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 27-11-2026 at 10:00 A.M.

For details logon to https://highcourtchd.gov.in/?mod=district_notice&district=patiala

Principal Judge (FC), Barnala
Dated, this day of 06.11.2026

COURT NOTICE

(U/o 5 Rule 20 CPC)
In The Court of Amit Malhan
Principal Judge, Family Court, Amritsar
CNR No. PBAS01-021470-2026
HMA/1697/2026
Next Date : 30.11.2026
Navneet Kaur Vs Pipal Singh
Publication Issued To :
Pipal Singh S/o Parkash Singh R/o Village Munawan Patti, Distt. Tarn Taran, at present H. No. 20, ward No. 9, Bhikhiwind, Distt. Tarn Taran.

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 30.11.2026 at 10:00 A.M.

For details logon to https://highcourtchd.gov.in/?trs=district_notice&district=Amritsar

SD/- Principal Judge, Family Court, Amritsar
Dated this day of 04-11-2026

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ: ਡੀਐਸਐਲ/ਐਲਡੀਐਚ/ਟੀ23/2026 — ਮਿਤੀ: 04.11.2026

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਸੀਨੀਅਰ ਮੰਡਲ ਯਾਂਤਰਿਕ ਇੰਜੀਨੀਅਰ, ਉਤਰ ਰੇਲਵੇ, ਡੀਜ਼ਲ ਸ਼ੇਡ ਲੁਧਿਆਣਾ ਖੁਲ੍ਹੇ ਬਜਾਰ ਈ-ਨਿਵਿਦਾ ਪ੍ਰਣਾਲੀ ਦੇ ਮਾਧਿਅਮ ਨਾਲ ਬੋਲੀ ਦੀ ਮੰਗ ਕਰਦੇ ਹਨ।

ਕੰਮ ਦਾ ਨਾਮ	ਲੁਧਿਆਣਾ ਦੇ ਡੀਜਲ ਸ਼ੇਡ ਵਿਚ 2000 ਕਿਗ੍ਰਾ/ਘੰਟਾ ਸਮਰਥਾ ਵਾਲੇ ਆਯਲ-ਫਾਯਡ ਬਾਯਲਰ (EBL-560) ਦੇ ਲਈ ਦੋ ਸਾਲ ਦੀ ਮਿਆਦ ਦਾ ਸਲਾਨਾ ਸੰਚਾਲਨ ਅਤੇ ਰਖਰਖਾਅ ਕਾਂਟਰੈਕਟ।
ਕੰਮ ਦੀ ਅੰਦਾਜਨ ਲਾਗਤ (ਅਨੁਮਾਨਿਤ)	₹ 49,89,051.80 (ਜੀਐਸਟੀ ਸਮੇਤ) (ਕੇਵਲ ਉਨੰਜਾ ਲਖ ਉਨਾਨਵੇਂ ਹਜਾਰ ਇਕਵੰਜਾ ਰੁਪਏ ਅਤੇ ਅੱਸੀ ਪੈਸੇ)
ਨਿਵਿਦਾ ਸੁਰੱਖਿਆ ਰਾਸ਼ੀ (ਬਿਆਨਾ ਰਾਸ਼ੀ ਜਮ੍ਹਾ)	₹ 99,800/-(ਕੇਵਲ ਨੜਿਨਵੇ ਹਜਾਰ ਅੱਠ ਸੌ ਰੁਪਏ)
ਬੋਲੀ ਸ਼ੁਰੂ ਹੋਣ ਦੀ ਮਿਤੀ	12.11.2026
ਈ-ਨਿਵਿਦਾ ਸਮਾਪਨ ਮਿਤੀ ਅਤੇ ਸਮਾਂ	26.11.2026 ਨੂੰ 11:30 ਵਜੇ
IREPS ਵੈਬਸਾਈਟ 'ਤੇ ਈ-ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ	26.11.2026 ਨੂੰ 11:30 ਵਜੇ
ਨਿਵਿਦਾ ਦੀ ਵੈਲੀਡਿਟੀ	ਖੋਹਲਣ ਦੀ ਮਿਤੀ ਤੋਂ 45 ਦਿਨ
ਨਿਵਿਦਾ ਦਾ ਪ੍ਰਕਾਰ	ਖੁਲ੍ਹਾ ਪ੍ਰਸਤਾਵ
ਅਨੁਬੰਧਨਕਾਲ	ਕਾਂਟਰੈਕਟ ਪ੍ਰਦਾਨ ਕੀਤੇ ਜਾਣ ਦੀ ਮਿਤੀ ਤੋਂ 24 ਮਹੀਨੇ
ਵੈਬਸਾਈਟ:	www.ireps.gov.in

3899/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਬੈਂਕ ਆਫ਼ ਬੜੌਦਾ Bank of Baroda

BRANCH : MANSA, JAWAHAR KE ROAD, MANSA 151505 Punjab

ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਜਵਾਹਰ ਕੇ ਰੋਡ, ਮਾਨਸਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦੇ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਜਵਾਹਰ ਕੇ ਰੋਡ, ਮਾਨਸਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ, ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ	ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਕਬਜ਼ੇ ਦੀ ਕਿਸਮ / ਬਕਾਇਆ ਖੜੀ ਰਕਮ
(ਕਰਜ਼ਦਾਰ) : ਸ੍ਰੀ ਸਾਹਿਬਜੀਤ ਮਾਨਸ਼ਾਹੀਆ ਪੁੱਤਰ ਧਰਮਿੰਦਰ ਮਾਨਸ਼ਾਹੀਆ	ਜਾਇਦਾਦ ਰਬਕਾ 19.41 ਮਰਲਾ ਜੋ ਕਿ 1941/ 41700, ਹਿੱਸਾ ਜ਼ਮੀਨ ਰਕਬਾ 20 ਕਨਾਲ, 17 ਮਰਲਾ, ਖਸਰਾ ਨੰ: 161//17 (0-4) 182 (18-13), 191/4 (2-0) ਖੇਵਟ ਤੇ ਖੱਤਾ ਨੰ: 255/516, ਜਮ੍ਹਾਂਬੰਦੀ ਸਾਲ 2014-15 ਅਨੁਸਾਰ, ਮਾਨਸਾ ਖੁਰਦ , ਤਹਿਸੀਲ ਤੇ ਜ਼ਿਲ੍ਹਾ ਮਾਨਸਾ, ਹੱਦਬੰਦੀ ਉੱਤਰ: ਸਾਹਿਬਜੀਤ ਸਿੰਘ 83 ਫੁੱਟ 8-1/2 ਇੰਚ, ਦੱਖਣ: ਸਾਹਿਬਜੀਤ ਸਿੰਘ ਪਾਸਾ 87 ਫੁੱਟ 6 ਇੰਚ, ਪੂਰਬ: ਗਲੀ ਪਾਸਾ 54 ਫੁੱਟ 4-1/2 ਇੰਚ, ਪੱਛਮ: ਸਰਕਾਰੀ ਨਾਲਾ ਪਾਸਾ 48 ਫੁੱਟ 1 ਇੰਚ ਜਮ੍ਹਾਂ 20 ਫੁੱਟ 6 ਇੰਚ, ਕੁੱਲ 68 ਫੁੱਟ 7 ਇੰਚ, ਮਾਲਕੀ ਸਾਹਿਬਜੀਤ ਸਿੰਘ ਬੈਨਾਮਾ ਨੰ: 574 ਮਿਤੀ 10.05.2018, ਸਬ-ਰਜਿਸਟਰਾਰ ਮਾਨਸਾ (ਮਿਊਟੇਸ਼ਨ ਨੰ: 5344) ਦੇ ਦਫ਼ਤਰ 'ਚ ਰਜਿਸਟਰਡ, ਮਾਨਸਾ ਖੁਰਦ, ਮਾਨਸਾ ਵਿਖੇ ਸਥਿਤ।	07.07.2026	30.10.2026	ਸੰਕੇਤਕ ਕਬਜ਼ਾ ਰੁਪਏ 695899.97/- (ਰੁਪਏ ਛੇ ਲੱਖ ਪਚਾਨਵੇਂ ਹਜ਼ਾਰ ਅੱਠ ਸੌ ਨੜਿਨਵੇਂ ਤੇ ਸਤਾਨਵੇਂ ਪੈਸੇ ਕੇਵਲ) ਸਮੇਤ ਹੋਰ ਵਿਆਜ ਠੇਕਾ ਦਰ 'ਤੇ ਜਮਾਂ ਲਾਗਤਾਂ, ਚਾਰਜਿਜ਼ ਤੇ ਖਰਚੇ ਅਦਾਇਗੀ ਦੀ ਮਿਤੀ ਤੱਕ।

ਮਿਤੀ : 06.11.2026 — ਸਥਾਨ : ਮਾਨਸਾ — ਅਧਿਕਾਰਤ ਅਫਸਰ

ਬੈਂਕ ਆਫ਼ ਬੜੌਦਾ Bank of Baroda

Branch: Dugri Road, Ludhiana, Opposite Marry Land Palace, Ludhiana 141001.
Gmail:DUGLUD@bankofbaroda.com

ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਦੁੱਗਰੀ ਰੋਡ, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦੇ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਦੁੱਗਰੀ ਰੋਡ, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ, ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ	ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਕਬਜ਼ੇ ਦੀ ਕਿਸਮ / ਬਕਾਇਆ ਖੜੀ ਰਕਮ
(ਕਰਜ਼ਦਾਰ) : ਸ੍ਰੀਮਤੀ ਅਮਨਦੀਪ ਕੌਰ ਪਤਨੀ ਸ੍ਰੀ ਬਲਵਿੰਦਰ ਸਿੰਘ (ਦਰਖਾਸਤ ਕਰਤਾ) ਤੇ ਸ੍ਰੀ ਬਲਜਿੰਦਰ ਸਿੰਘ ਪੁੱਤਰ ਸ੍ਰੀ ਦੇਵ ਸਿੰਘ (ਸਹਿ-ਦਰਖਾਸਤ ਕਰਤਾ) ਦੋਵੇਂ ਵਾਸੀ ਵਿਕਰਮ ਅਦਿੱਤਿਆ ਕਲੋਨੀ, ਫੁੱਲਾਂਵਾਲ, ਲੁਧਿਆਣਾ-141013	ਸਭ ਕੁਝ ਰਿਹਾਇਸ਼ੀ ਮਕਾਨ ਦਾ ਅਟੁੱਟ ਹਿੱਸਾ, ਰਕਬਾ 65.33 ਵਰਗ ਗਜ਼, ਖਸਰਾ ਨੰ: 41//1/2-10-11-40//16-41//19/2-40//15-41//20, ਖੇਵਟ ਨੰ: 584-585-586-587-588-589, ਖਤੌਨੀ ਨੰ: 595-596-597-598-599-600 ਜਮ੍ਹਾਂਬੰਦੀ ਸਾਲ 2012-13 ਅਨੁਸਾਰ ਵਾਕਿਆਂ ਫੁੱਲਾਂਵਾਲ, ਹੱਦਬਸਤ ਨੰ: 278, ਤਹਿ. ਤੇ ਜ਼ਿਲ੍ਹਾ ਲੁਧਿਆਣਾ, ਸ੍ਰੀਮਤੀ ਅਮਨਦੀਪ ਕੌਰ ਦੇ ਨਾਂਅ, ਹੱਦਬੰਦੀ : ਪੂਰਬ: ਗੁਆਂਢੀ 42'-0", ਪੱਛਮ: ਗੁਆਂਢੀ 42'-10", ਉੱਤਰ: 14'-0', ਦੱਖਣ: ਗੁਆਂਢੀ: 14'-00'	02.06.2026	02.11.2026	ਸੰਕੇਤਕ ਕਬਜ਼ਾ ਰੁਪਏ 6,46,508.96 (ਰੁਪਏ ਛੇ ਲੱਖ ਛਿਆਲੀ ਹਜ਼ਾਰ, ਪੰਜ ਸੌ ਅੱਠ ਤੇ ਛਿਆਨਵੇਂ ਪੈਸੇ ਕੇਵਲ) ਤੇ ਵਿਆਜ ਜੋ ਵੀ ਹੋਵੇ।

ਮਿਤੀ : 06.11.2026 — ਸਥਾਨ : ਮਾਨਸਾ — ਅਧਿਕਾਰਤ ਅਫਸਰ

ਲੋਕਾਂ ਨੂੰ ਪਟਾਕਿਆਂ, ਮਿਲਾਵਟੀ ਮਿਠਾਈਆਂ, ਅੰਧ ਵਿਸ਼ਵਾਸੀ ਰਵਾਇਤਾਂ ਤੇ ਨਸ਼ਿਆਂ ਨੂੰ ਛੱਡਣ ਦਾ ਸੱਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਦੀ ਮੀਟਿੰਗ ਸੂਬਾਈ ਆਗੂ ਸੁਮੀਤ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਸਥਾਨਕ ਕੰਪਨੀ ਬਾਗ਼ ਵਿਖੇ ਹੋਈ ਜਿਸ ਵਿੱਚ ਲੋਕਾਂ ਨੂੰ



ਵਿਗਿਆਨਕ ਚੇਤਨਾ ਵਿਕਸਤ ਕਰਨ ਲਈ ਦੀਵਾਲੀ ਮੌਕੇ ਆਤਿਸ਼ਬਾਜ਼ੀ, ਮਿਲਾਵਟੀ ਮਿਠਾਈਆਂ, ਅੰਧਵਿਸ਼ਵਾਸ਼ੀ ਰਵਾਇਤਾਂ, ਲਾਟਰੀ ਅਤੇ ਨਸ਼ਿਆਂ ਉਤੇ ਫ਼ਜ਼ੂਲ ਖਰਚੀ ਬੰਦ ਕਰਨ ਅਤੇ ਵਿਗਿਆਨਕ ਸੋਚ ਅਧਾਰਿਤ ਕਿਤਾਬਾਂ ਖਰੀਦਣ, ਰੁੱਖ ਲਾਉਣ ਅਤੇ ਲੋੜਵੰਦ ਵਿਦਿਆਰਥੀਆਂ, ਮਰੀਜ਼ਾਂ ਅਤੇ ਬਜ਼ੁਰਗਾਂ ਦੀ ਮਦਦ ਕਰਨ ਵਰਗੀਆਂ ਸਿਹਤਮੰਦ ਰਵਾਇਤਾਂ ਅਪਣਾਉਣ ਦਾ ਸੱਦਾ ਦਿੱਤਾ ਗਿਆ।ਇਸ ਸਬੰਧੀ ਮੀਟਿੰਗ ਵਿੱਚ ਵਿਚਾਰ ਚਰਚਾ ਕਰਦਿਆਂ ਜੋਨ ਮੁਖੀ ਪ੍ਰਿੰ. ਮੇਲਾ ਰਾਮ, ਇਕਾਈ ਮੁਖੀ ਜਸਪਾਲ ਬਾਸਰਕੇ, ਅਧਿਆਪਕ ਆਗੂ ਹਰਮਨਦੀਪ ਸਿੰਘ ਭੰਗਾਲੀ, ਰਮੇਸ਼ ਜੈਨ, ਹਰੀ ਕ੍ਰਿਸ਼ਨ ਅਤੇ ਪਰਮਜੀਤ ਸਿੰਘ ਨੇ ਕਿਹਾ ਕਿ ਵੱਖ ਵੱਖ ਤਿਉਹਾਰ ਭਾਰਤੀ ਸਮਾਜ ਦਾ ਅਨਿੱਖੜਵਾਂ ਅੰਗ ਹਨ ਪਰ ਦੀਵਾਲੀ ਮੌਕੇ ਪੁਜਾਰੀ ਵਰਗ ਦੇ ਬਹਿਕਾਵੇ ਹੇਠ ਅਤੇ ਪੂੰਜੀਵਾਦੀ ਬਜ਼ਾਰਾਂ ਦੀ ਇਸ਼ਤਿਹਾਰੀ ਚਕਾਚੌਂਦ ਵਿੱਚ ਫਸ ਕੇ ਧਾਰਮਿਕ ਅੰਧ ਵਿਸ਼ਵਾਸਾਂ ਤੇ ਰੂੜੀਵਾਦੀ ਰਵਾਇਤਾਂ, ਆਤਿਸ਼ਬਾਜ਼ੀ, ਦੀਪਮਾਲਾ, ਪਾਠ ਪੂਜਾ, ਮਿਲਾਵਟੀ ਮਿਠਾਈਆਂ, ਤੋਹਫਿਆਂ ਦੇ ਆਦਾਨ ਪ੍ਰਦਾਨ ਉਤੇ ਵੱਡੇ ਪੱਧਰ ਤੇ ਜੋ ਫ਼ਜ਼ੂਲ ਖਰਚੀ ਕੀਤੀ ਜਾਂਦੀ ਹੈ ਉਹ ਕਿਸੇ ਵੀ ਤਰਾਂ ਤਰਕਸੰਗਤ ਨਹੀਂ ਜਿਸ ਲਈ ਲੋਕਾਂ ਨੂੰ ਲਗਾਤਾਰ ਸੁਚੇਤ ਕਰਨ ਦੀ ਲੋੜ ਹੈ।ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਸ਼ਾ ਤਸਕਰੀ, ਵਾਤਾਵਰਣ ਪ੍ਰਦੂਸ਼ਣ, ਮਿਲਾਵਟਖੋਰੀ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਬਣੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।ਇਸ ਮੌਕੇ ਨਵੰਬਰ-ਦਸੰਬਰ ਦਾ ਤਰਕਸ਼ੀਲ ਅੰਕ ਵੀ ਰਿਲੀਜ਼ ਕੀਤਾ ਗਿਆ।

ਪੰਜਾਬ ਸਰਕਾਰ ਸਿੱਖਿਆ ਦੇ ਖੇਤਰ 'ਚ ਅਹਿਮ ਕਦਮ ਚੁੱਕ ਰਹੀ : ਬਲਬੀਰ ਬੋਪਾਰਾਏ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਅਹਿਮ ਕਦਮ ਚੁੱਕੇ ਹਨ ਜਿਸ ਤਹਿਤ ਭਾਰਤ ਸਰਕਾਰ ਦੇ



ਨੀਤੀ ਆਯੋਗ ਦੀ ਦਰਜਾਬੰਦੀ ਅਨੁਸਾਰ ਪੰਜਾਬ ਨੇ ਸਿੱਖਿਆ ਖੇਤਰ ਵਿੱਚ ਭਾਰਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਮਜੀਠਾ ਦੇ ਸੀਨੀਅਰ ਆਗੂ ਅਤੇ ਮਾਰਕੀਟ ਕਮੇਟੀ ਮਜੀਠਾ ਦੇ ਚੇਅਰਮੈਨ ਬਲਬੀਰ ਸਿੰਘ ਬੋਪਾਰਾਏ ਨੇ ਇੱਥੇ ਚੁਗਾਵਾਂ ਸਾਧਪੁਰ ਦੇ ਸ਼ਹੀਦ ਗੁਰਚਰਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿੱਚ ਐਨਸੀਕੇਓਐੱਫ ਸਕੀਮ ਅਧੀਨ ਬਣੇ ਕਮਰਿਆਂ ਦਾ ਉਦਘਾਟਨ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ। ਚੇਅਰਮੈਨ ਬੋਪਾਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਵਿੱਦਿਆ ਦੇ ਮਿਆਰ 'ਤੇ ਧਿਆਨ ਦੇ ਰਹੀ ਹੈ।ਸਰਕਾਰ ਵੱਲੋਂ ਆਪਣੇ ਕਾਰਜ ਕਾਲ ਦੌਰਾਨ ਅਧਿਆਪਕਾਂ ਲਈ ਸਰਵੋਤਮ ਅੰਤਰਰਾਸ਼ਟਰੀ ਸਿਖਲਾਈ ਫਿਨਲੈਂਡ ਦੀ ਤੁਰਕੂ ਯੂਨੀਵਰਸਿਟੀ ਵਿਖੇ 216 ਪ੍ਰਾਇਮਰੀ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਗਈ, ਜਦੋਂ ਕਿ ਪੰਜਾਬ ਦੀਆਂ ਕਲਾਸਾਂ ਵਿੱਚ ਵਿਸ਼ਵ ਪੱਧਰੀ ਵਧੀਆ ਤਰੀਕੇ ਲਿਆਉਣ ਲਈ ਸਿੰਗਾਪੁਰ ਦੀ ਪ੍ਰਿੰਸੀਪਲਜ਼ ਅਕੈਡਮੀ ਵਿਖੇ 264 ਪ੍ਰਿੰਸੀਪਲਾਂ ਅਤੇ ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਗਈ। ਉਨਾਂ ਕਿਹਾ ਕਿ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਮਜੀਠਾ ਦੇ ਸਕੂਲਾਂ ਦੀ ਦਿੱਖ ਸੁਧਾਰਨ ਲਈ ਹਰ ਲੋੜੀ ਦੇ ਕਦਮ ਚੁੱਕੇ ਜਾਣਗੇ । ਸਕੂਲ ਦੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਨੇ ਆਏ ਹੋਏ ਮਹਿਮਾਨ ਨੂੰ ਜੀ ਆਇਆਂ ਕਹਿੰਦਿਆਂ ਸਕੂਲ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਸਕੂਲ ਦੇ ਸਮੁੱਚੇ ਸਟਾਫ ਵੱਲੋਂ ਚੇਅਰਮੈਨ ਬੋਪਾਰਾਏ ਨੂੰ ਯਾਦਗਾਰੀ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਅਤੇ ਬਲਾਕ ਸੰਮਤੀ ਮੈਂਬਰ ਸਰਵਣ ਸਿੰਘ ਚੋਗਾਵਾਂ, ਬ੍ਰਾਹਮਣ ਸਮਾਜ ਦੇ ਆਗੂ ਰਜਿੰਦਰ ਕੁਮਾਰ ਅਤੇ ਹੋਰ ਵੱਖ ਵੱਖ ਆਗੂ ਹਾਜ਼ਰ ਸਨ ।

ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਮੱਛੀ ਪਾਲਕਾਂ ਤੇ ਅਧਿਕਾਰੀਆਂ ਨਾਲ ਮੀਟਿੰਗ

ਗੁਰਦਾਸਪੁਰ, (ਜਨਕ ਮਹਾਜਨ)- ਗੁਰਪ੍ਰੀਤ ਸਿੰਘ ਗਿੱਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ-ਚੇਅਰਮੈਨ ਮੱਛੀ ਪਾਲਕ ਵਿਕਾਸ ਏਜੰਸੀ ਗੁਰਦਾਸਪੁਰ ਨੇ ਮੱਛੀ ਪਾਲਕ ਵਿਕਾਸ ਏਜੰਸੀ ਗੁਰਦਾਸਪੁਰ ਦੀ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਵਿਚ ਕਿਹਾ ਕਿ ਮੱਛੀ ਪਾਲਣ ਇਕ ਲਾਹੇਵੰਦ ਧੰਦਾ ਹੈ ਅਤੇ ਮੱਛੀ ਪਾਲਣ ਦਾ ਧੰਦਾ ਕਰਨ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿ ਛੱਪੜਾਂ ਦੀ ਸਫਾਈ ਅਤੇ ਤਿਆਰੀ ਲਈ ਪੀ.ਐਮ.ਐਮ. ਐਸ . ਵਾਏ ਸਕੀਮ ਫੰਡਜ਼ ਦਿੱਤੇ ਜਾ ਸਕਦੇ ਹਨ। ਇਸ ਲਈ ਵੱਧ



ਤੋਂ ਵੱਧ ਲੋਕਾਂ ਨੂੰ ਪੰਚਾਇਤੀ ਛੱਪੜ ਠੇਕੇ ਤੇ ਦਵਾ ਕੇ ਮੱਛੀ ਪਾਲਣ ਦਾ ਧੰਦਾ ਚਾਲੂ ਕਰਵਾਇਆ ਜਾਵੇ।ਉਨ੍ਹਾਂ ਦਸਿਆ ਗਿਆ ਕਿ ਪੀ. ਐੱਮ. ਐੱਮ. ਐੱਸ. ਵਾਏ ਸਕੀਮ ਅਧੀਨ ਮੱਛੀ ਛੱਪੜ ਲਈ ਬਿਜਲੀ ਦੇ ਟਿਊਬਵੈਲ ਲਈ ਕੁਨੈਕਸ਼ਨ ਵੀ ਦਿੱਤਾ ਜਾ ਸਕਦਾ ਹੈ ਅਤੇ ਹੋਰ ਸਹਾਇਕ ਧੰਦਿਆਂ ਲਈ ਵੀ ਪੀ.ਐੱਮ.ਐੱਮ.ਐੱਸ.ਵਾਏ ਸਕੀਮ ਅਧੀਨ ਸਹਾਇਤਾਂ ਦਿੱਤੀ ਜਾਂਦੀ ਹੈ। ਮੱਛੀ ਪਾਲਣ ਤਲਾਬ ਬਣਾਉਣ ਲਈ ਇਕ ਹੈਕਟਰ ਰਕਬੇ ਵਾਸਤੇ ਛੱਪੜ ਦੀ ਪੁਟਾਈ ਲਈ 7 ਲੱਖ ਰੁਪਏ ਅਤੇ ਇਨਪੁਟਸ ਵਾਸਤੇ 4 ਲੱਖ ਰੁਪਏ ਸਬਸਿਡੀ ਦਿੱਤੀ ਜਾਂਦੀ ਹੈ।ਇਸ ਮੌਕੇ ਮਨਦੀਪ ਕੌਰ ਵਾਈਸ ਚੇਅਰਮੈਨ ਐਫ.ਐਫ.ਡੀ.ਏ-ਕਮ- ਸਹਾਇਕ ਡਾਇਰੈਕਟਰ ਮੱਛੀ ਪਾਲਣ ਨੇ ਕਿਹਾ ਕਿ ਮਿੱਥੇ ਗਏ ਟੀਚੇ ਸਮੇਂ-ਸਿਰ ਪੂਰੇ ਕੀਤੇ ਜਾਣਗੇ। ਜ਼ਿਲ੍ਹੇ ਅੰਦਰ ਛੰਬ, ਸਲਾਬ, ਸੇਮ ਵਾਲੀਆਂ ਤੇ ਪੰਚਾਇਤੀ ਛੱਪੜਾਂ ਦਾ ਵੱਧ ਤੋਂ ਵੱਧ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ ਜਾਵੇਗਾ।ਮੀਟਿੰਗ ਵਿਚ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਖੇਤੀਬਾੜੀ ਵਿਭਾਗ, ਜਨ-ਸਿਹਤ ਵਿਭਾਗ ਸਹਾਇਕ ਰਜਿਸਟਰਾਰ ਕੋਆਪਰੇਟਿਵ ਸੋਸਾਇਟੀ, ਲੀਡ ਬੈਂਕ ਡਿਸਟ੍ਰਿਕਟ ਮੈਨੇਜ਼ਰ ਅਤੇ ਸੁਰਿੰਦਰ ਸਿੰਘ, ਮੱਛੀ ਕਾਸ਼ਤਕਾਰ, ਪਿੰਡ ਭਾਮ ਹਾਜ਼ਰ ਸਨ।

ਪਿੰਡਾਂ ਅੰਦਰ ਬਿਜਲੀ ਦੇ ਅਣਐਲਾਨੇ ਕੱਟਾਂ ਤੋਂ ਲੋਕ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਦੇ ਸਰਹੱਦੀ ਪਿੰਡਾਂ ਅੰਦਰ ਬਿਜਲੀ ਦੇ ਸ਼ਾਮ ਵੇਲੇ ਅਣ ਐਲਾਨੇ ਕੱਟ ਲੱਗਣ ਕਾਰਨ ਜਿੱਥੇ ਲੋਕਾਂ ਦੇ ਕਾਰੋਬਾਰ ਪ੍ਰਭਾਵਿਤ ਹੋ ਰਹੇ ਹਨ ਉਥੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਪਾਸੇ ਪਾਵਰਕਾਮ ਮਹਿਕਮੇ ਨੂੰ ਧਿਆਨ ਦੇਣ ਦੀ ਲੋੜ ਹੈ। ਇਸ ਸਬੰਧੀ ਵੱਖ ਵੱਖ ਵਪਾਰਕ ਅਦਾਰਿਆਂ ਨਾਲ ਜੁੜੇ ਲੋਕਾਂ ਨੇ ਦੱਸਿਆ ਕਿ ਪਿਛਲੇ ਇਕ ਹਫ਼ਤੇ ਤੋਂ ਸ਼ਾਮ ਬਿਜਲੀ ਦਾ ਕੱਟ ਲੱਗਦਾ ਹੈ ਅਤੇ ਛੋਟੇ ਮੋਟੇ ਕਾਰੋਬਾਰ ਕਰਨ ਵਾਲੇ ਲੋਕਾਂ ਦਾ ਧੰਦਾ ਠੱਪ ਹੋ ਰਿਹਾ ਹੈ ਤੇ ਉਹ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹੋ ਸਮਾਂ ਦੋ, ਚਾਰ ਰੁਪਏ ਕਮਾਉਣ ਦਾ ਹੈ ਪਰ ਬਿਜਲੀ ਜਾਣ ਨਾਲ ਉਨ੍ਹਾਂ ਦਾ ਕਾਰੋਬਾਰ ਬੰਦ ਹੋ ਜਾਂਦਾ ਹੈ ਜਿਸ ਕਰਕੇ ਉਹ ਦੋ ਸਮੇਂ ਦੀ ਰੋਟੀ ਤੋਂ ਵੀ ਆਤੁਰ ਹੋ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਸ਼ਾਮ ਨੂੰ ਖਾਣਾ ਬਣਾਉਣ ਦਾ ਸਮਾਂ ਹੁੰਦਾ ਹੈ ਅਤੇ ਜਿਨ੍ਹਾਂ ਗਰੀਬ ਲੋਕਾਂ ਦੇ ਘਰ ਇਨਵਰਟਰ ਵਗੈਰਾ ਨਹੀਂ ਹਨ, ਉਨ੍ਹਾਂ ਨੂੰ ਰਾਤ ਦੇ ਹਨੇਰੇ ਵਿਚ ਹੀ ਖ਼ਾਣਾ ਬਣਾਉਣਾ ਪੈਂਦਾ ਹੈ। ਉਨ੍ਹਾਂ ਕਿਹਾ ਇਸ ਤੋਂ ਇਲਾਵਾ ਹੋਰ ਘਰੇਲੂ ਕੰਮਕਾਜ ਵੀ ਬਿਜਲੀ ਨਾ ਆਉਣ ਕਰਕੇ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਨੇ ਪੰਜਾਬ ਰਾਜ ਪਾਵਰਕਾਮ ਦੇ ਚੇਅਰਮੈਨ ਪਟਿਆਲਾ ਪਾਸੋਂ ਮੰਗ ਕੀਤੀ ਹੈ ਕਿ ਸ਼ਾਮ ਦੇ ਬਿਜਲੀ ਦੇ ਅਣ ਐਲਾਨੇ ਕੱਟ ਰੋਕੇ ਜਾਣ ਤਾਂ ਜੋ ਲੋਕਾਂ ਨੂੰ ਆ ਰਹੀ ਇਸ ਸਮੱਸਿਆ ਤੋਂ ਰਾਹਤ ਮਿਲ ਸਕੇ।

ਹੁਣ ਨਾਗਰਿਕ ਖੁਦ ਕਰਨਗੇ ਆਪਣੀ ਤੇ ਪਰਿਵਾਰ ਦੀ ਗਣਨਾ



ਪਠਾਨਕੋਟ, (ਦਵਿੰਦਰ ਸਿੰਘ) ਦੇਸ਼ ਵਿੱਚ ਪਹਿਲੀ ਵਾਰ ਹੋਣ ਜਾ ਰਹੀ ਡਿਜੀਟਲ ਜਨਗਣਨਾ 2027 ਤਹਿਤ ਹੁਣ ਨਾਗਰਿਕਾਂ ਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਣਕਾਰੀ ਖੁਦ ਆਨਲਾਈਨ ਦਰਜ ਕਰਨ ਦੀ ਸਹੂਲਤ ਦਿੱਤੀ ਜਾਵੇਗੀ।

